
NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere. No surprise charges anywhere.
NEW
NATION-WIDE. NO ZONES.
TALK, TEXT & DATA PLANS
$35/MO.
chatr™
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
ਅਮਨ ਟਰੈਵਲ
Gaurav Gupta
905.796.3535
SPECIAL FARES TO DELHI & AMRITSAR | LAST MINUTE DEALS AVAILABLE
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

## ਅੱਜ ਨਾਮਾ

ਫਸਿਆ ਕਹਿੰਦੇ ਮੁਸ਼ੱਰਫ ਹੈ ਬੜਾ ਡਾਢਾ,
ਦਿੱਤਾ ਈ ਰੱਸਾ ਅਦਾਲਤ ਨੇ ਸੁੱਟ ਬੇਲੀ।
ਲੱਗਣੀ ਚਾਹੀਦੀ ਦੁਸ਼ਟ ਨੂੰ ਕਿਹਾ ਫਾਂਸੀ,
ਜੜ੍ਹ ਜ਼ਹਿਰ ਦੀ ਕਿਹਾ ਦਿਓ ਪੁੱਟ ਬੇਲੀ।
ਕੁੱਟੇ ਲੀਡਰ ਤੇ ਕੁੱਟੀ ਗਿਆ ਆਮ ਬੰਦੇ,
ਚਾੜ੍ਹਦਾ ਰਿਹਾ ਉਹ ਜੱਜਾਂ ਨੂੰ ਕੁੱਟ ਬੇਲੀ।
ਵਾਰੀ ਹਸ਼ਰ ਦੀ ਆਈ ਤਾਂ ਫਿਰੇ 'ਕੱਲਾ,
ਦਿੱਸਦੇ ਨਾਲ ਨਹੀਂ ਯਾਰ ਨਾ ਜੁੱਟ ਬੇਲੀ।
ਦੜਿਆ ਬੈਠਾ ਡੁਬਈ ਦੇ ਵਿੱਚ ਕਹਿੰਦੇ,
ਵਤਨ ਆਉਣ ਤੋਂ ਕਰੇ ਇਨਕਾਰ ਬੇਲੀ।
ਅਰਬ ਦੇਸ਼ਾਂ ਦੇ ਵਿੱਚੋਂ ਨਾ ਪਰਤਦਾ ਈ,
ਹੁੰਦਾ ਫਿਰਦਾ ਈ ਖੱਜਲ-ਖੁਆਰ ਬੇਲੀ।

ਤੀਸ ਮਾਰ ਖਾਂ

# ਟੋਰੀ ਲੀਡਰਸ਼ਿਪ ਦੌੜ ਵਿੱਚ ਹਿੱਸਾ ਲੈਣ ਦਾ ਮਨ ਬਣਾ ਰਹੀ ਹੈ ਐਂਬਰੋਜ਼!



ਓਟਵਾ, 17 ਦਸੰਬਰ (ਪੋਸਟ ਬਿਊਰੋ) : ਸਾਬਕਾ ਅੰਤਰਿਮ ਕੰਜ਼ਰਵੇਟਿਵ ਆਗੂ ਰੋਨਾ ਐਂਬਰੋਜ਼ ਲੀਡਰਸ਼ਿਪ ਦੌੜ ਵਿੱਚ ਹਿੱਸਾ ਲੈਣ ਦਾ ਮਨ ਬਣਾ ਰਹੀ ਹੈ। ਇਹ ਜਾਣਕਾਰੀ ਇੱਕ ਭਰੋਸੇਯੋਗ ਸੂਤਰ ਵੱਲੋਂ ਦਿੱਤੀ ਗਈ।

ਇੱਕ ਈਮੇਲ ਵਿੱਚ ਇਸ ਸਰੋਤ ਨੇ ਦੱਸਿਆ ਕਿ ਪ੍ਰਾਈਵੇਟ ਸੈਕਟਰ ਵਿੱਚ ਕੰਮ ਕਰਨ ਤੋਂ ਬਾਅਦ ਹੁਣ ਐਂਬਰੋਜ਼ ਇਸ ਮੁੱਦੇ ਉੱਤੇ ਵਿਚਾਰ ਵਟਾਂਦਰਾ ਕਰ ਰਹੀ ਹੈ। ਉਨ੍ਹਾਂ ਆਖਿਆ ਕਿ ਉਹ ਆਪਣੀ ਸਿਹਤ, ਆਜ਼ਾਦੀ, ਪਰਿਵਾਰ ਨੂੰ ਦਿੱਤੇ ਜਾਣ ਵਾਲੇ ਸਮੇਂ ਤੇ ਪ੍ਰਾਈਵੇਸੀ ਬਾਰੇ ਵੀ ਸੋਚ ਵਿਚਾਰ ਕਰ ਰਹੀ ਹੈ। ਸੂਤਰ ਨੇ ਇਹ ਵੀ ਆਖਿਆ ਕਿ ਉਸ ਨੇ ਕਦੇ ਵੀ ਸਿਆਸਤ ਵਿੱਚ ਮੁੜਨ ਬਾਰੇ ਨਹੀਂ ਸੀ ਸੋਚਿਆ।

ਕੰਜ਼ਰਵੇਟਿਵ ਪਾਰਟੀ ਦੇ ਕਈ ਧੁਰੰਦਰ ਖਿਡਾਰੀਆਂ ਵੱਲੋਂ ਇਹ ਆਖੇ ਜਾਣ ਕਿ ਐਂਬਰੋਜ਼ ਨੂੰ ਇਸ ਅਹੁਦੇ ਲਈ ਖੜ੍ਹੇ ਹੁੰਦਾ ਵੇਖਣ ਵਿੱਚ ਉਨ੍ਹਾਂ ਨੂੰ ਖੁਸ਼ੀ ਹੋਵੇਗੀ, ਤੋਂ ਬਾਅਦ ਹੀ ਐਂਬਰੋਜ਼ ਇਸ ਗੱਲ ਤੋਂ ਇਨਕਾਰ ਨਹੀਂ ਕਰ ਰਹੀ ਹੈ। ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ ਨੇ ਕੈਲਗਰੀ ਹੇਰਾਲਡ ਦੇ ਡੌਨ ਬ੍ਰੇਡ ਨੂੰ ਆਖਿਆ ਕਿ ਜਿੱਥੇ ਲੀਡਰਸ਼ਿਪ ਦਾ ਮੁੱਦਾ ਆਉਂਦਾ ਹੈ ਤਾਂ ਰੋਨਾ ਉਨ੍ਹਾਂ ਦੀ ਪਹਿਲੀ ਪਸੰਦ ਹੋਵੇਗੀ।

2015 ਵਿੱਚ ਜਦੋਂ ਸਟੀਫਨ ਹਾਰਪਰ ਨੇ ਪ੍ਰਧਾਨ ਮੰਤਰੀ ਵਜੋਂ ਆਪਣਾ ਅਹੁਦਾ ਛੱਡਿਆ ਸੀ ਤਾਂ ਐਂਬਰੋਜ਼ ਕੰਜ਼ਰਵੇਟਿਵਾਂ ਦੀ ਅੰਤਰਿਮ ਆਗੂ ਬਣੀ ਸੀ। ਰੋਨਾ ਨੂੰ ਸਸਕੈਚਵਨ ਦੇ ਪ੍ਰੀਮੀਅਰ ਬ੍ਰੈਡ ਵਾਲ ਤੇ ਨਿਊ ਬਰੰਜ਼ਵਿੱਕ ਦੇ ਪ੍ਰੀਮੀਅਰ ਬਲੇਨ ਹਿੱਗਜ਼ ਵੱਲੋਂ ਸਮਰਥਨ ਦਿੱਤੇ ਜਾਣ ਦੀ ਵੀ ਪੂਰੀ ਸੰਭਾਵਨਾ ਹੈ। ਰੋਨਾ ਤੋਂ ਇਲਾਵਾ ਹਾਈ ਪ੍ਰੋਫਾਈਲ ਟੋਰੀਜ਼ ਜਿਵੇਂ ਕਿ ਪਿਏਰੇ ਪੋਇਲਿਵਰ, ਮਾਈਕਲ ਰੈਂਪਲ ਗਾਰਨਰ ਤੇ ਕੈਂਡਿਸ ਬਰਜਨ ਨੇ ਵੀ ਇਸ ਦੌੜ ਵਿੱਚ ਹਿੱਸਾ ਲੈਣ ਤੋਂ ਇਨਕਾਰ ਨਹੀਂ ਕੀਤਾ ਹੈ।

ਟੋਰੀ ਲੀਡਰਸ਼ਿਪ ਦੌੜ ਵਿੱਚ ਅਸਫਲ ਰਹਿ ਚੁੱਕੇ ਉਮੀਦਵਾਰ ਮਾਈਕਲ ਚੌਂਗ ਤੇ ਐਰਿਨ ਓਟੂਲੇ ਤੋਂ ਇਲਾਵਾ ਕਿਊਬਿਕ ਤੋਂ ਉੱਘੇ ਕੰਜ਼ਰਵੇਟਿਵ ਆਗੂ ਗੇਰਾਰਡ ਡੈਲਟੈਲ ਵੀ ਉਨ੍ਹਾਂ ਉਮੀਦਵਾਰਾਂ ਵਿੱਚ ਸ਼ਾਮਲ ਹਨ ਜਿਨ੍ਹਾਂ ਦੇ ਨਾਂ ਇਸ ਵਾਰੀ ਵੀ ਸਾਹਮਣੇ ਆ ਰਹੇ ਹਨ। ਪਰ ਅਜੇ ਤੱਕ ਕਿਸੇ ਨੇ ਵੀ ਰਸਮੀ ਤੌਰ ਉੱਤੇ ਇਸ ਲੀਡਰਸ਼ਿਪ ਦੌੜ ਵਿੱਚ ਹਿੱਸਾ ਲੈਣ ਦੀ ਪੁਸ਼ਟੀ ਨਹੀਂ ਕੀਤੀ ਹੈ। ਸਿਰਫ ਇੱਕ ਗੈਰ ਚੁਣੇ ਹੋਏ ਕੰਜ਼ਰਵੇਟਿਵ ਆਰਗੇਨਾਈਜ਼ਰ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉਹ ਇਸ ਦੌੜ ਵਿੱਚ ਹਿੱਸਾ ਲੈਣ ਦੀ ਯੋਜਨਾ ਬਣਾ ਰਹੇ ਹਨ ਤੇ ਉਹ ਹਨ ਮੈਕਸੀਜ਼ ਸਟਾਫਿੰਗ ਐਂਡ ਕੰਸਲਟਿੰਗ ਦੇ ਸੀਈਓ ਤੇ ਲੰਮੇਂ ਸਮੇਂ ਤੋਂ ਸਿਆਸੀ ਆਰਗੇਨਾਈਜ਼ਰ ਰਹੇ ਬ੍ਰਾਇਨ ਬਰੂਲੌਟੇ।

# ਯੂ ਪੀ ਵਿਧਾਨ ਸਭਾ ਵਿੱਚ ਭਾਜਪਾ ਵਿਧਾਇਕ ਆਪਣੀ ਹੀ ਸਰਕਾਰ ਵਿਰੁੱਧ ਧਰਨਾ ਲਾ ਬੈਠੇ



ਲਖਨਊ, 17 ਦਸੰਬਰ, (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਵਿੱਚ ਭਾਜਪਾ ਰਾਜ ਵਿਚ ਸਭ ਕੁਝ ਠੀਕ ਨਹੀਂ। ਸੂਬਾ ਵਿਧਾਨ ਸਭਾ ਵਿਚ ਅੱਜ ਆਪਣੀ ਹੀ ਸਰਕਾਰ ਉੱਤੇ ਤੰਗ ਕਰਨ ਦਾ ਦੋਸ਼ ਲਾ ਕੇ 200 ਤੋਂ ਵੱਧ ਭਾਜਪਾ ਵਿਧਾਇਕਾਂ ਨੇ ਧਰਨਾ ਲਾ ਦਿੱਤਾ। ਵਿਰੋਧੀ ਧਿਰ ਦੇ ਕਈ ਵਿਧਾਇਕ ਵੀ ਉਨ੍ਹਾਂ ਦੇ ਧਰਨੇ ਵਿਚ ਸ਼ਾਮਲ ਹੋ ਗਏ। ਵਰਨਣ ਯੋਗ ਹੈ ਕਿ ਇਹ ਪਹਿਲਾ ਮੌਕਾ ਹੈ ਕਿ ਹਾਕਮ ਧਿਰ ਦੇ ਵਿਧਾਇਕਾਂ ਕਾਰਨ ਹਾਊਸ ਦੀ ਕਾਰਵਾਈ ਮੁਲਤਵੀ ਕਰਨੀ ਪੈ ਗਈ ਹੈ। ਭਾਜਪਾ ਦੇ ਧਰਨੇ ਕਾਰਨ ਲਖਨਊ ਤੋਂ ਲੈ ਕੇ ਦਿੱਲੀ ਤੱਕ ਵੱਡਾ ਭੜਥੂ ਮੱਚਿਆ ਜਾਪਣ ਲੱਗ ਪਿਆ ਹੈ।

ਅਸਲ ਵਿੱਚ ਗਾਜ਼ੀਆਬਾਦ ਤੋਂ ਵਿਧਾਇਕ ਨੰਦ ਕਿਸ਼ੋਰ ਨੇ ਪੁਲਸ ਉੱਤੇ ਤੰਗ ਕਰਨ ਦਾ ਦੋਸ਼ ਲਾਇਆ ਤਾਂ ਉਨ੍ਹਾਂ ਨੂੰ ਹਾਊਸ ਵਿਚ ਬੋਲਣ ਤੋਂ ਰੋਕ ਦਿੱਤਾ ਗਿਆ। ਇਸ ਮੌਕੇ ਭਾਜਪਾ ਵਿਧਾਇਕਾਂ ਨੇ ਉਸ ਵਿਧਾਇਕ ਦੇ ਹੱਕ ਵਿਚ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਆਪਣੀ ਹੀ ਪਾਰਟੀ ਦੇ ਵਿਧਾਇਕਾਂ ਦਾ ਇਹ ਰੁਖ਼ ਵੇਖ ਕੇ ਭਾਜਪਾ ਦੇ ਵੱਡੇ ਆਗੂ ਘਬਰਾ ਗਏ। ਇਨ੍ਹਾਂ ਵਿਧਾਇਕਾਂ ਦਾ ਕਹਿਣਾ ਸੀ ਕਿ ਹਾਕਮ ਪਾਰਟੀ ਦੇ ਚੁਣੇ ਹੋਏ ਆਗੂ ਹੋਣ ਦੇ ਬਾਵਜੂਦ ਉਹ ਆਪਣੇ ਲੋਕਾਂ ਦੇ ਕੰਮ ਨਹੀਂ ਕਰਵਾ ਸਕਦੇ ਤੇ ਪਾਰਟੀ ਅੰਦਰ ਕੋਈ ਉਨ੍ਹਾਂ ਦੀ ਸੁਣਵਾਈ ਨਹੀਂ ਹੁੰਦੀ। ਨਿੱਕੇ-ਨਿੱਕੇ ਕੰਮ ਵੀ ਨਹੀਂ ਹੋ ਰਹੇ। ਇਸ ਦਾ ਸਿੱਧਾ ਅਸਰ ਉਨ੍ਹਾਂ ਦੀ ਵਿਧਾਇਕੀ ਉੱਤੇ ਪੈਂਦਾ ਹੈ। ਇਨ੍ਹਾਂ ਬਾਗੀ ਵਿਧਾਇਕਾਂ ਨੂੰ ਮਨਾਉਣ ਲਈ ਸਾਹਮਣੇ ਆਏ ਉਪ ਮੁੱਖ ਮੰਤਰੀ ਦਿਨੇਸ਼ ਸ਼ਰਮਾ ਨੂੰ ਵੀ ਖੁਦ ਭਾਜਪਾ ਦੇ ਵਿਧਾਇਕਾਂ ਨੇ ਬੇਰੰਗ ਵਾਪਸ ਕਰ ਦਿੱਤਾ।

# ਬਗ਼ਦਾਦ 'ਚ ਪ੍ਰਦਰਸ਼ਨਕਾਰੀਆਂ ਨੇ 'ਛੋਟਾ ਇਰਾਕ' ਬਣਾ ਧਰਿਆ

ਬਗ਼ਦਾਦ, 13 ਦਸੰਬਰ (ਪੋਸਟ ਬਿਊਰੋ)- ਸ਼ਾਸਨ ਪ੍ਰਬੰਧ ਵਿੱਚ ਮੁਕੰਮਲ ਬਦਲੀ ਦੀ ਮੰਗ ਦੇ ਲਈ ਲਗਭਗ ਪੂਰਾ ਇਰਾਕ ਅਕਤੂਬਰ ਤੋਂ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਦੀ ਲਪੇਟ ਵਿੱਚ ਹੈ। ਦੇਸ਼ ਦੀ ਰਾਜਧਾਨੀ ਬਗ਼ਦਾਦ ਵੀ ਇਸ ਤੋਂ ਬਚੀ ਨਹੀਂ, ਪ੍ਰੰਤੂ ਇਥੋਂ ਦੇ ਤਹਿਰੀਰ ਚੌਕ ਵਿੱਚ ਇਕੱਠੇ ਹੋਏ ਪ੍ਰਦਰਸ਼ਨਕਾਰੀਆਂ ਨੇ ਆਪਣੇ ਪ੍ਰਦਰਸ਼ਨ ਸਥਾਨ ਨੂੰ ਕੁਝ ਇਸ ਤਰ੍ਹਾਂ ਵਸਾ ਦਿੱਤਾ ਹੈ ਜਿਸ ਵਿੱਚ 'ਛੋਟਾ ਇਰਾਕ' ਦੀ ਝਲਕ ਦੇਖਣ ਨੂੰ ਮਿਲ ਰਹੀ ਹੈ।

ਪ੍ਰਦਰਸ਼ਨ ਕਰਨ ਦਾ ਸਥਾਨ ਬਣੇ ਤਹਿਰੀਰ ਚੌਕ ਵਿੱਚ ਰੋਸ ਕਰਤਿਆਂ ਦੇ ਰੂਪ ਵਿੱਚ ਸੁਰੱਖਿਆ ਗਾਰਡ ਤੋਂ ਲੈ ਕੇ ਸਫ਼ਾਈ ਮੁਲਜ਼ਮ ਤੱਕ ਤਾਇਨਾਤ ਕੀਤੇ ਗਏ ਤੇ ਇਨ੍ਹਾਂ ਲੋਕਾਂ ਲਈ ਹਸਪਤਾਲ ਵੀ ਬਣਾਏ ਗਏ ਹਨ। ਬੇਬੀਲੋਨ ਸੂਬੇ ਤੋਂ ਇਥੇ ਸਰਕਾਰ ਵਿਰੋਧੀ ਪ੍ਰਦਰਸ਼ਨ ਵਿੱਚ ਹਿੱਸਾ ਲੈਣ ਆਏ ਹੈਦਰ ਚਾਕਰ ਨੇ ਦੱਸਿਆ ਕਿ ਸਰਕਾਰ ਨੇ ਜਿੰਨਾ ਕੰਮ 16 ਸਾਲਾਂ ਵਿੱਚ ਕੀਤਾ, ਉਨ੍ਹਾਂ ਅਸੀਂ ਇਥੇ ਸਿਰਫ਼ ਦੋ ਮਹੀਨਿਆਂ ਵਿੱਚ ਕਰ ਦਿੱਤਾ ਹੈ। ਤਹਿਰੀਰ ਚੌਕ ਵਿੱਚ ਸਾਰੀਆਂ ਨਾਗਰਿਕ ਸਹੂਲਤਾਂ ਟੈਂਟਾ ਵਿੱਚ ਦਿੱਤੀਆਂ ਗਈਆਂ ਹਨ। ਇਥੇ ਭੋਜਨ ਤੋਂ ਲੈ ਕੇ ਪੇਂਟਿੰਗ ਬਣਾਉਣ ਤੱਕ ਹਰ ਕਿਸੇ ਦੀ ਭੂਮਿਕਾ ਤੈਅ ਕੀਤੀ ਗਈ ਹੈ। ਉਹ ਵਾਰੋ-ਵਾਰੀ ਆਪਣੇ ਕੰਮ ਕਰ ਰਹੇ ਹਨ ਜਦ ਕਿ ਇਸ ਸਥਾਨ ਦੀ ਸੁਰੱਖਿਆ ਲਈ ਦਾਖ਼ਲ ਹੋਣ ਵਾਲੇ ਰਸਤਿਆਂ 'ਤੇ ਰੁਕਾਵਟਾਂ ਲਾਈਆਂ ਗਈਆਂ ਹਨ। ਇਨ੍ਹਾਂ ਥਾਵਾਂ 'ਤੇ ਦਰਜਨਾਂ ਔਰਤਾਂ ਅਤੇ ਮਰਦ ਤਾਇਨ-ਾਤ ਹਨ। ਉਹ ਇਥੇ ਆਉਂਦੇ ਸਾਰੇ ਲੋਕਾਂ ਦੀ ਤਲਾਸ਼ੀ ਪਿੱਛੋਂ ਉਨ੍ਹਾਂ ਨੂੰ ਅੰਦਰ ਦਾਖ਼ਲ ਹੋਣ ਦਿੰਦੇ ਹਨ। ਇਨ੍ਹਾਂ ਦਾ ਇਹ 'ਛੋਟਾ ਇਰਾਕ' ਪਿਛਲੇ ਬੀਤੀ ਦਿਨੀਂ ਹਮਲਾਵਰਾਂ ਦਾ ਨਿਸ਼ਾਨਾ ਬਣ ਗਿਆ ਸੀ।

# ਜਾਮੀਆ ਦੀ ਹਿੰਸਾ ਵਿਦਿਆਰਥੀਆਂ ਦੀ ਥਾਂ ਸਮਾਜ ਵਿਰੋਧੀਆਂ ਦੀ ਫੈਲਾਈ ਨਿਕਲੀ



ਨਵੀਂ ਦਿੱਲੀ, 17 ਦਸੰਬਰ, (ਪੋਸਟ ਬਿਊਰੋ)- ਦਿੱਲੀ ਪੁਲਿਸ ਨੇ ਅੱਜ ਮੰਗਲਵਾਰ ਗ੍ਰਹਿ ਮੰਤਰਾਲੇ ਨੂੰ ਜਾਮੀਆ ਮਿਲੀਆ ਦੀ ਹਿੰਸਾ ਦੀ ਰਿਪੋਰਟ ਸੌਂਪ ਕੇ ਕਿਹਾ ਕਿ ਇਸ ਹਿੰਸਾ ਵਿੱਚ ਕਈ ਸਮਾਜ ਵਿਰੋਧੀ ਅਨਸਰਾਂ ਨੇ ਪੈਟਰੋਲ ਬੰਬਾਂ ਦੀ ਵਰਤੋਂ ਕੀਤੀ ਸੀ ਅਤੇ ਹਿੰਸਾ ਦੀ ਤਿਆਰੀ ਦੰਗਾਕਾਰੀਆਂ ਨੇ ਪਹਿਲਾਂ ਕੀਤੀ ਹੋਈ ਸੀ। ਪ੍ਰਦਰਸ਼ਨ ਵਿੱਚ ਸ਼ਾਮਲ ਬਹੁਤੇ ਲੋਕਾਂ ਨੂੰ ਇਹ ਵੀ ਪਤਾ ਨਹੀਂ ਸੀ ਕਿ ਨਾਗਰਿਕਤਾ ਸੋਧ ਕਾਨੂੰਨ ਕੀ ਹੈ।

ਜਾਣਕਾਰ ਸੂਤਰਾਂ ਮੁਤਾਬਕ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਇਸ ਹਿੰਸਾ ਵਿੱਚ ਜਥੇਬੰਦਾਂ ਗਰੁੱਪਾਂ ਵਾਲੇ ਲੋਕ ਵੀ ਸ਼ਾਮਲ ਸਨ ਤੇ ਜਾਂਚ ਤੋਂ ਪਤਾ ਲੱਗਾ ਹੈ ਕਿ ਹਿੰਸਾ ਵਿੱਚ ਜਾਮੀਆ ਦੇ ਵਿਦਿਆਰਥੀ ਸ਼ਾਮਲ ਨਹੀਂ ਸਨ। ਇਸ ਰਿਪੋਰਟ ਮੁਤਾਬਕ ਦੰਗਾਕਾਰੀਆਂ ਨੇ ਗੋਲ਼ੀਆਂ ਵੀ ਚਲਾਈਆਂ ਸਨ ਤੇ ਪੁਲਿਸ ਨੂੰ ਮੌਕੇ ਤੋਂ 7.62 ਬੋਰ ਦੇ ਖੋਲ ਮਿਲੇ ਹਨ। ਸਥਾਨਕ ਲੋਕਾਂ ਨੇ ਪੁਲਸ ਨੂੰ ਕਾਲ ਕਰ ਕੇ ਸ਼ਿਕਾਇਤ ਕੀਤੀ ਤੇ ਪੁਲਿਸ ਕੋਲ ਗਵਾਹੀ ਵੀ ਦਿੱਤੀ ਹੈ। ਦੰਗਾਕਾਰੀਆਂ ਨੂੰ ਕਾਬੂ ਕਰਨ ਲਈ ਜਿੰਨੀ ਪੁਲਿਸ ਇਸ ਇਲਾਕੇ ਵਿੱਚ ਸੀ, ਉਸ ਵਿੱਚ ਕਿਸੇ ਕੋਲ ਹਥਿਆਰ ਨਹੀਂ, ਸਿਰਫ਼ ਡੰਡੇ ਸਨ। ਘਟਨਾ ਦੌਰਾਨ ਕਈ ਨੇਤਾਵਾਂ ਅਤੇ ਹੋਰ ਲੋਕਾਂ ਨੇ ਸੋਸ਼ਲ ਮੀਡੀਆ ਉੱਤੇ ਪਟਨਾ ਵਿੱਚ ਹੋਏ ਗੋਲ਼ੀ ਕਾਂਡ ਦੀ ਪੁਰਾਣੀ ਵੀਡੀਓ ਪੋਸਟ ਪਾ ਕੇ ਅਫ਼ਵਾਹ ਫੈਲਾਈ ਕਿ ਪੁਲਿਸ ਨੇ ਗੋਲ਼ੀਆਂ ਚਲਾਈਆਂ ਹਨ ਤੇ ਇਕ ਪੁਲਿਸ ਵਾਲੇ ਉੱਤੇ ਦੋਸ਼ ਲਾਇਆ ਕਿ ਉਸ ਨੇ ਬੱਸ ਉੱਤੇ ਪੈਟਰੋਲ ਪਾ ਕੇ ਅੱਗ ਲਾਈ ਹੈ, ਜਦ ਕਿ ਉਹ ਰੇੜ੍ਹੀ ਵਾਲੇ ਤੋਂ ਪਾਣੀ ਲੈ ਕੇ ਅੱਗ ਬੁਝਾ ਰਿਹਾ ਸੀ। ਯੂਨੀਵਰਸਿਟੀ ਵਿੱਚ ਵੜ ਕੇ ਵਿਦਿਆਰਥਣਾਂ ਨਾਲ ਕੁੱਟਮਾਰ ਦੀ ਅਫ਼ਵਾਹ ਬਾਰੇ ਕਿਹਾ ਗਿਆ ਕਿ ਕੁਝ ਸਿਆਸੀ ਨੇਤਾ ਪੂਰੀ ਦਿੱਲੀ ਵਿੱਚ ਦੰਗਾ ਕਰਾਉਣਾ ਚਾਹੁੰਦੇ ਤੇ ਮਾਹੌਲ ਵਿਗਾੜਨਾ ਚਾਹੁੰਦੇ ਹਨ। ਇਸ ਦੌਰਾਨ ਜਾਮੀਆ ਮਿਲੀਆ ਦੀ ਹਿੰਸਾ ਬਾਰੇ ਪੁਲਿਸ ਨੇ ਦਸ ਦੋਸ਼ੀ ਗ੍ਰਿਫ਼ਤਾਰ ਕੀਤੇ ਹਨ ਅਤੇ ਸਾਰੇ ਪਹਿਲਾਂ ਤੋਂ ਐਲਾਨੇ ਹੋਏ ਅਪਰਾਧੀ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

## ਮੋਦੀ ਵੱਲੋਂ ਕਾਂਗਰਸ ਨੂੰ ਚੁਣੌਤੀ:

# ਹਿੰਮਤ ਹੈ ਤਾਂ ਸਾਰੇ ਪਾਕਿਸਤਾਨੀਆਂ ਨੂੰ ਭਾਰਤੀ ਨਾਗਰਿਕਤਾ ਦੇ ਕੇ ਦਿਖਾ ਦਿਓ



ਰਾਂਚੀ, 17 ਦਸੰਬਰ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਮੰਗਲਵਾਰ ਕਾਂਗਰਸ ਅਤੇ ਵਿਰੋਧੀ ਦਲਾਂ ਉੱਤੇ ਨਾਗਰਿਕਤਾ ਸੋਧ ਕਾਨੂੰਨ ਬਾਰੇ ਝੂਠ ਫੈਲਾਉਣ ਦਾ ਦੋਸ਼ ਲਾਇਆ ਤੇ ਜਨਤਕ ਰੂਪ ਨਾਲ ਐਲਾਨ ਕਰਨ ਦੀ ਚੁਣੌਤੀ ਦੇ ਦਿੱਤੀ ਕਿ ਉਹ ਮੁਸਲਮਾਨਾਂ ਸਮੇਤ ਸਾਰੇ ਪਾਕਿਸਤਾਨੀਆਂ ਨੂੰ ਭਾਰਤੀ ਨਾਗਰਿਕਤਾ ਦੇਣ ਲਈ ਤਿਆਰ ਹੋਣ। ਮੋਦੀ ਨੇ ਕਾਂਗਰਸ ਅਤੇ ਉਸ ਦੇ ਸਹਿਯੋਗੀ ਦਲਾਂ ਨੂੰ ਇਹ ਚੁਣੌਤੀ ਵੀ ਦਿੱਤੀ ਕਿ ਜੰਮੂ ਕਸ਼ਮੀਰ ਵਿੱਚ ਧਾਰਾ 370 ਨੂੰ ਉਹ ਮੁੜ ਕੇ ਲਾਗੂ ਕਰਨ ਅਤੇ ਤਿੰਨ ਤਲਾਕ ਦੇ ਫੈਸਲੇ ਨੂੰ ਖਤਮ ਕਰ ਕੇ ਦਿਖਾਉਣ।

ਝਾਰਖੰਡ ਦੇ ਭੋਗਨਾਡੀਹ ਵਿੱਚ ਇਕ ਚੋਣ ਰੈਲੀ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, 'ਨਾਗਰਿਕਤਾ ਸੋਧ ਕਾਨੂੰਨ ਨਾਲ ਕੋਈ ਭਾਰਤੀ ਨਾਗਰਿਕ ਪ੍ਰਭਾਵਤ ਨਹੀਂ ਹੋਵੇਗਾ, ਕਾਂਗਰਸ ਸਮੱਸਿਆ ਪੈਦਾ ਕਰਨ ਲਈ ਲੋਕਾਂ ਨੂੰ ਭੜਕਾ ਰਹੀ ਹੈ।'

ਉਨ੍ਹਾਂ ਕਿਹਾ ਕਿ ਨਾਗਰਿਕਤਾ ਸੋਧ ਕਾਨੂੰਨ ਨਾ ਕਿਸੇ ਭਾਰਤੀ ਦਾ ਅਧਿਕਾਰ ਖੋਂਹਦਾ ਹੈ, ਨਾ ਨੁਕਸਾਨ ਕਰਦਾ ਹੈ। ਉਨ੍ਹਾਂ ਨੇ ਨਾਗਰਿਕਤਾ ਕਾਨੂੰਨ ਬਾਰੇ ਝੂਠ ਫੈਲਾਉਣ ਦਾ ਦੋਸ਼ ਕਾਂਗਰਸ ਉੱਤੇ ਲਾ ਕੇ ਕਿਹਾ ਕਿ ਉਹ ਭਾਰਤ ਵਿਚ ਮੁਸਲਮਾਨਾਂ ਲਈ ਡਰ ਦਾ ਮਾਹੌਲ ਬਣਾ ਰਹੀ ਹੈ।

ਇਸ ਦੌਰਾਨ ਨਾਗਰਿਕਤਾ ਸੋਧ ਕਾਨੂੰਨ ਦੇ ਖਿਲਾਫ ਚੱਲਦੇ ਹਿੰਸਕ ਵਿਰੋਧ ਦੇ ਬਾਵਜੂਦ ਅੱਜ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਦੋ ਟੂਕ ਕਹਿ ਦਿੱਤਾ ਹੈ ਕਿ ਭਾਵੇਂ ਕਿੰਨਾ ਵੀ ਵਿਰੋਧ ਹੋਵੇ, ਪਰ ਭਾਜਪਾ ਸਰਕਾਰ ਸਾਰੇ ਸ਼ਰਨਾਰਥੀਆਂ ਨੂੰ ਭਾਰਤ ਦੀ ਨਾਗਰਿਕਤਾ ਦੇ ਕੇ ਰਹੇਗੀ। ਉਨ੍ਹਾ ਕਿਹਾ, ਸ਼ਰਨਾਰਥੀਆਂ ਨੂੰ ਨਾਗਰਿਕਤਾ ਮਿਲੇਗੀ, ਉਹ ਭਾਰਤੀ ਨਾਗਰਿਕ ਬਣਨਗੇ ਤੇ ਸਨਮਾਨ ਨਾਲ ਰਹਿਣਗੇ। ਸ਼ਾਹ ਨੇ ਕਿਹਾ: ਮੈਂ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਸਿਆਸੀ ਵਿਰੋਧ ਕਰ ਕਰੋ, ਭਾਜਪਾ ਦੀ ਮੋਦੀ ਸਰਕਾਰ ਦਾ ਇਰਾਦਾ ਪੱਕਾ ਹੈ।' ਉਨ੍ਹਾ ਕਿਹਾ ਕਿ ਪਾਕਿਸਤਾਨ, ਬੰਗਲਾ ਦੇਸ਼ ਅਤੇ ਅਫਗਾਨਿਸਤਾਨ ਵਿੱਚ ਧਾਰਮਿਕ ਜ਼ੁਲਮ ਕਾਰਨ ਇਥੇ ਆਏ ਘੱਟ ਗਿਣਤੀਆਂ ਦੇ ਲੋਕਾਂ ਨੂੰ ਨਾਗਰਿਕਤਾ ਮਿਲੇਗੀ। ਸ਼ਾਹ ਨੇ ਕਿਹਾ, 'ਇਸ ਦੇਸ਼ ਦੇ ਨਾਗਰਿਕਾਂ ਨੂੰ ਡਰਨ ਦੀ ਲੋੜ ਨਹੀਂ, ਇਸ ਦੇਸ਼ ਦੇ ਨਾਗਰਿਕ ਇਕ ਵੀ ਮੁਸਲਮਾਨ ਨਾਲ ਜ਼ੁਲਮ ਨਹੀਂ ਹੋਵੇਗਾ।'

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ukttc UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Air Brake Classes
Sat-Sun 8am to 4pm
Counterbalance
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਨਾਗਰਿਕਤਾ ਕਾਨੂੰਨ ਦਾ ਵਿਰੋਧ

# ਦਿੱਲੀ ਤੇ ਬੰਗਾਲ ਵਿੱਚ ਹਿੰਸਾ ਜਾਰੀ, ਥਾਣਿਆਂ ਵਿੱਚ ਭੰਨ-ਤੋੜ ਤੇ ਟਰੇਨਾਂ ਰੋਕੀਆਂ





ਨਵੀਂ ਦਿੱਲੀ, 17 ਦਸੰਬਰ, (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦੇ ਨਵੇਂ ਨਾਗਰਿਕਤਾ ਸੋਧ ਕਾਨੂੰਨ ਦੇ ਵਿਰੋਧ ਵਿੱਚ ਦਿੱਲੀ ਤੇ ਪੱਛਮੀ ਬੰਗਾਲ ਵਿੱਚ ਹਿੰਸਾ ਹਾਲੇ ਵੀ ਨਹੀਂ ਰੁਕਦੀ। ਅੱਜ ਦਿੱਲੀ ਦੇ ਜਾਫਰਾਬਾਦ ਵਿੱਚ ਪ੍ਰਦਰਸ਼ਨ ਕਰਦੇ ਲੋਕਾਂ ਨੇ ਦੋ ਬੱਸਾਂ ਸਮੇਤ ਕਈ ਵਾਹਨਾਂ ਦੀ ਭੰਨਤੋੜ ਕੀਤੀ ਤੇ ਮੋਟਰਸਾਈਕਲਾਂ ਨੂੰ ਅੱਗ ਲਾ ਕੇ ਸਾੜ ਦਿੱਤਾ। ਇਸ ਦੌਰਾਨ 22 ਲੋਕ ਜ਼ਖ਼ਮੀ ਹੋਏ ਹਨ, ਜਿਨ੍ਹਾਂ ਵਿਚ ਦਸ ਤੋਂ ਵੱਧ ਪੁਲਿਸ ਵਾਲੇ ਸ਼ਾਮਲ ਹਨ।

ਅੱਜ ਮੰਗਲਵਾਰ ਪੱਛਮੀ ਬੰਗਾਲ ਵਿੱਚ ਵੀ ਰੋਸ ਕਰਦੇ ਲੋਕਾਂ ਨੇ ਥਾਂ-ਥਾਂ ਉੱਤੇ ਟ੍ਰੇਨਾਂ ਰੋਕੀਆਂ ਤੇ ਸਾੜਫੂਕ ਕੀਤੀ। ਉੱਤਰ ਪ੍ਰਦੇਸ਼ ਦੀ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿੱਚ ਹੰਗਾਮੇ ਪਿੱਛੋਂ ਅੱਜ ਓਥੇ ਵਿੱਚ ਤਣਾਅ ਵਾਲੀ ਸ਼ਾਂਤੀ ਰਹੀ। ਮੁਰਾਦਾਬਾਦ, ਸੰਭਲ, ਅਮਰੋਹਾ, ਰਾਮਪੁਰ ਵਿੱਚ ਪੁਲਿਸ ਚੌਕਸ ਰਹੀ। ਮੇਰਠ ਅਤੇ ਸਹਾਰਨਪੁਰ ਦੀ ਹਾਲਤ ਸ਼ਾਂਤ ਹੈ, ਪਰ ਕਈ ਇਲਾਕਿਆਂ ਵਿੱਚ ਇੰਟਰਨੈੱਟ ਸੇਵਾ ਬੰਦ ਹੈ। ਮਊ ਵਿੱਚ 28 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।

ਕਾਂਗਰਸ ਦੇ ਸਾਬਕਾ ਵਿਧਾਇਕ ਚੌਧਰੀ ਮਤੀਨ ਅਹਿਮਦ ਨੇ ਨਾਗਰਿਕਤਾ ਸੋਧ ਕਾਨੂੰਨ ਖ਼ਿਲਾਫ਼ ਅੱਜ ਮੰਗਲਵਾਰ ਨੂੰ ਦਿੱਲੀ ਦੇ ਜਾਫਰਾਬਾਦ ਵਿੱਚ ਬਾਅਦ ਦੋਪਹਿਰ ਰੈਲੀ ਕੀਤੀ, ਜਿਸ ਦੀ ਇਜਾਜ਼ਤ ਵੀ ਲਈ ਗਈ ਸੀ, ਇਸ ਲਈ ਕੁਝ ਪੁਲਿਸ ਮੁਲਾਜ਼ਮ ਰੈਲੀ ਦੀ ਸੁਰੱਖਿਆ ਵਿਚ ਲੱਗੇ ਸਨ। ਇਸ ਦੌਰਾਨ ਜਾਫਰਾਬਾਦ ਥਾਣੇ ਅੱਗੇ ਪ੍ਰਦਰਸ਼ਨ ਹੋਣ ਲੱਗ ਪਿਆ ਤੇ ਕਾਫੀ ਦੇਰ ਇਹ ਪ੍ਰਦਰਸ਼ਨ ਚੱਲਿਆ। ਜਦੋਂ ਪ੍ਰਦਰਸ਼ਨ ਕਰਦੇ ਲੋਕ ਜਾਣ ਲੱਗੇ ਤਾਂ ਕੁਝ ਲੋਕਾਂ ਨੇ ਨੇੜੇ ਖੜੀ ਹੋਈ ਇਕ ਕਲਸਟਰ ਤੇ ਇਕ ਨਿੱਜੀ ਬੱਸ ਦੀ ਭੰਨਤੋੜ ਕਰ ਦਿੱਤੀ ਤੇ ਕੁਝ ਲੋਕਾਂ ਨੇ ਪੁਲਿਸ ਵੱਲ ਪੱਥਰ ਸੁੱਟੇ। ਇਸ ਦਾ ਅੰਦਾਜ਼ਾ ਨਾ ਹੋਣ ਕਾਰਨ ਪੁਲਿਸ ਵਾਲੇ ਓਥੇ ਘੱਟ ਸਨ। ਪਥਰਾਅ ਦੀ ਸੂਚਨਾ ਉੱਤੇ ਹੋਰ ਪੁਲਿਸ ਆਈ, ਪਰ ਓਦੋਂ ਤਕ ਭੀੜ ਹਿੰਸਕ ਹੋ ਚੁੱਕੀ ਸੀ ਅਤੇ ਸੀਲਮਪੁਰ ਚੌਕੀ ਵਿੱਚ ਵੜ ਕੇ ਭੰਨਤੋੜ ਕਰ ਦਿੱਤੀ ਸੀ। ਪੁਲਿਸ ਨੇ ਭੀੜ ਰੋਕਣ ਲਈ ਲਾਠੀਚਾਰਜ ਕੀਤਾ ਤਾਂ ਵੈਲਕਮ ਅਤੇ ਜਨਤਾ ਕਾਲੋਨੀ ਵਿੱਚ ਛੱਤਾਂ ਤੋਂ ਲੋਕ ਇੱਟਾਂ ਮਾਰਨ ਲੱਗ ਪਏ। ਰਿਜ਼ਰਵ ਪੁਲਿਸ ਦੇ ਪੁੱਜਣ ਪਿੱਛੋਂ ਪੁਲਿਸ ਨੇ ਅਥਰੂ ਗੈਸ ਦੇ ਗੋਲ਼ੇ ਛੱਡੇ ਅਤੇ ਲਾਠੀਚਾਰਜ ਕਰ ਕੇ ਭੀੜ ਨੂੰ ਕਾਬੂ ਕੀਤਾ।

ਇਸ ਦੌਰਾਨ ਅੱਜ ਕੇਰਲ ਵਿੱਚ ਵੀ ਨਾਗਰਿਕਤਾ ਕਾਨੂੰਨ ਦੇ ਵਿਰੁੱਧ ਪ੍ਰਦਰਸ਼ਨ ਦੌਰਾਨ ਸੜਕਾਂ ਉੱਤੇ ਜਾਮ ਲੱਗਣ ਦੀ ਨੌਬਤ ਆ ਗਈ। ਅਧਿਕਾਰੀਆਂ ਦੇ ਮੁਤਾਬਕ ਸਰਕਾਰੀ ਤੇ ਨਿੱਜੀ ਬੱਸਾਂ ਉੱਤੇ ਪਥਰਾਅ ਕੀਤਾ ਗਿਆ ਹੈ। ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਕੇਰਲ ਵਿੱਚ ਅੱਜ ਮੰਗਲਵਾਰ ਨੂੰ ਲਗਪਗ 33 ਸੰਗਠਨਾਂ ਨੇ ਸੂਬਾ ਪੱਧਰੀ ਬੰਦ ਦਾ ਸੱਦਾ ਦਿੱਤਾ ਸੀ। ਪੁਲਿਸ ਨੇ ਸੂਬੇ ਦੇ ਵੱਖ ਵੱਖ ਹਿੱਸਿਆਂ ਤੋਂ ਲਗਪਗ 233 ਲੋਕਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਇਸ ਬੰਦ ਦਾ ਸੱਦਾ ਛੋਟੀਆਂ ਸਿਆਸੀ ਧਿਰਾਂ ਨੇ ਦਿੱਤਾ ਸੀ, ਜਿਨ੍ਹਾਂ ਦਾ ਕੇਰਲ ਵਿਧਾਨ ਸਭਾ ਵਿੱਚ ਕੋਈ ਮੈਂਬਰ ਨਹੀਂ ਹੈ। ਕੰਨੂਰ, ਕਾਸਰ-ਗੋਡ, ਪਲੱਕੜ ਤੇ ਏਰਨਾਕੁਲਮ ਵਰਗੇ ਜ਼ਿਲ੍ਹਿਆਂ ਦੇ ਕੁਝ ਹਿੱਸਿਆਂ ਵਿੱਚ ਲੋਕਾਂ ਨੇ ਜਨਤਕ ਟਰਾਂਸਪੋਰਟ ਠੱਪ ਕਰ ਦਿੱਤੀ।

# ਪਾਕਿ ਦੇ ਸਾਬਕਾ ਫੌਜੀ ਰਾਸ਼ਟਰਪਤੀ ਮੁਸ਼ੱਰਫ ਨੂੰ ਮੌਤ ਦੀ ਸਜ਼ਾ ਦਾ ਹੁਕਮ



ਇਸਲਾਮਾਬਾਦ, 17 ਦਸੰਬਰ, (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਫੌਜੀ ਰਾਸ਼ਟਰਪਤੀ ਅਤੇ ਭਾਰਤ ਦੇ ਖਿਲਾਫ ਅੱਤਵਾਦੀਆਂ ਦੇ ਕੈਂਪਾਂ ਨੂੰ ਹੱਲਾਸ਼ੇਰੀ ਦੇਣ ਦਾ ਜੁਰਮ ਸਰੇਆਮ ਕਬੂਲਣ ਵਾਲੇ ਜਨਰਲ ਪਰਵੇਜ਼ ਮੁਸ਼ੱਰਫ ਨੂੰ ਅਦਾਲਤ ਨੇ ਫਾਂਸੀ ਦੀ ਸਜ਼ਾ ਦਾ ਹੁਕਮ ਜਾਰੀ ਕਰ ਦਿੱਤਾ ਹੈ। ਪਾਕਿਸਤਾਨੀ ਸਰਕਾਰ ਦੇ ਸੂਚਨਾ ਤੇ ਪ੍ਰਸਾਰਨ ਬਾਰੇ ਵਿਸ਼ੇਸ਼ ਸਹਾਇਕ ਫਿਰਦੌਸ ਆਸ਼ਿਕ ਅਵਾਨ ਨੇ ਕਿਹਾ ਕਿ ਸਰਕਾਰ ਅਦਾਲਤ ਦੇ ਫੈਸਲੇ ਦੀ ਪੂਰੀ ਸਮੀਖਿਆ ਕਰੇਗੀ। ਅੱਜ ਇਸਲਾਮਾਬਾਦ ਵਿਚ ਪੱਤਰਕ-ਾਰਾਂ ਨਾਲ ਗੱਲਬਾਤ ਦੌਰਾਨ ਫਿਰਦੌਸ ਆਸ਼ਿਕ ਅਵਾਨ ਨੇ ਕਿਹਾ ਕਿ ਕਾਨੂੰਨ ਦੇ ਮਾਹਰਾਂ ਨੇ ਸਾਰੇ ਕਾਨੂੰਨੀ ਤੇ ਸਿਆਸੀ ਪੱਖਾਂ ਦੇ ਨਾਲ ਕੌਮੀ ਹਿੱਤਾਂ ਦੇ ਪ੍ਰਭਾਵ ਦਾ ਵਿਸ਼ਲੇਸ਼ਣ ਕੀਤਾ ਹੈ। ਜਨਰਲ ਮੁਸ਼ੱਰਫ ਨੂੰ ਪਾਕਿਸਤਾਨ ਵਾਪਸ ਸੱਦਣ ਬਾਰੇ ਅਵਾਨ ਨੇ ਕਿਹਾ ਕਿ ਇਹ ਸਮੀਖਿਆ ਵੀ ਕਾਨੂੰਨੀ ਟੀਮ ਕਰੇਗੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਇਮਰਾਨ ਖਾਨ ਵਿਦੇਸ਼ ਯਾਤਰਾ ਤੋਂ ਪਰਤ ਕੇ ਸਾਰੀ ਹਕੀਕਤ ਤੇ ਕਾਨੂੰਨੀ ਪੱਖ ਦੇਖਣ ਦੇ ਬਾਅਦ ਹੀ ਕੋਈ ਫੈਸਲਾ ਲੈਣਗੇ।

ਇਸ ਅਦਾਲਤੀ ਫੈਸਲੇ ਤੋਂ ਬਾਅਦ ਪਾਕਿਸਤਾਨ ਪੀਪਲਸ ਪਾਰਟੀ (ਪੀ ਪੀ ਪੀ) ਦੇ ਪ੍ਰਧਾਨ ਬਿਲਾਵਲ ਭੁੱਟੋ-ਜ਼ਰਦਾਰੀ ਨੇ ਟਵੀਟ ਕੀਤਾ ਕਿ ਇਹ ਲੋਕਤੰਤਰ ਵਿੱਚ ਸਭ ਤੋਂ ਚੰਗਾ ਬਦਲਾ ਹੈ।

ਵਰਨਣ ਯੋਗ ਹੈ ਕਿ ਜਨਰਲ ਮੁਸ਼ੱਰਫ ਉੱਤੇ ਦੇਸ਼ ਧਰੋਹ ਦਾ ਕੇਸ ਤਿੰਨ ਨਵੰਬਰ 2007 ਨੂੰ ਐਮਰਜੈਂਸੀ ਲਾਉਣ ਦੇ ਵਿਰੋਧ ਵਿਚ ਦਰਜ ਕੀਤਾ ਗਿਆ ਸੀ। ਪਾਕਿਸਤਾਨ ਵਿਚ 2013 ਵਿਚ ਨਵਾਜ਼ ਸ਼ਰੀਫ ਸਰਕਾਰ ਬਣਨ ਉੱਤੇ ਦਸੰਬਰ ਵਿਚ ਮੁਸ਼ੱਰਫ ਦੇ ਖਿਲਾਫ ਦੇਸ਼ ਧਰੋਹ ਦਾ ਕੇਸ ਸ਼ੁਰੂ ਹੋਇਆ ਅਤੇ 31 ਮਾਰਚ 2014 ਨੂੰ ਉਸ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਸੀ। ਉਸੇ ਸਾਲ ਸਤੰਬਰ ਵਿਚ ਸਰਕਾਰੀ ਵਕੀਲਾਂ ਨੇ ਸਾਰੇ ਪੱਖ ਅਦਾਲਤ ਨੂੰ ਪੇਸ਼ ਕੀਤੇ ਸਨ। ਅਪੀਲ ਦੇ ਪੜਾਅ ਉੱਤੇ ਪਟੀਸ਼ਨਾਂ ਹੋਣ ਕਾਰਨ ਸਾਬਕਾ ਫੌਜੀ ਰਾਸ਼ਟਰਪਤੀ ਇਸ ਮੁਖੀ ਦੇ ਮੁਕ-ੱਦਮੇ ਦੌਰਾਨ ਦੇਰੀ ਕਰ ਕੇ ਸੁਪਰੀਮ ਕੋਰਟ ਤੇ ਗ੍ਰਹਿ ਮੰਤਰਾਲੇ ਦੀ ਮਨਜ਼ੂਰੀ ਨਾਲ ਮਾਰਚ 2016 ਵਿਚ ਵਿਦੇਸ਼ ਚਲਾ ਗਿਆ ਸੀ।

ਇਸ ਵਕਤ ਦੁਬਈ ਦੇ ਹਸਪਤਾਲ ਵਿਚ ਦਾਖਲ ਜਨਰਲ ਪਰਵੇਜ਼ ਮੁਸ਼ੱਰਫ ਨੂੰ ਪਹਿਲਾਂ ਹੀ ਪਤਾ ਸੀ ਕਿ ਉਨ੍ਹਾਂ ਨੂੰ ਇਹ ਸਜ਼ਾ ਹੋ ਸਕਦੀ ਹੈ, ਇਸੇ ਲਈ ਉਨ੍ਹਾਂ ਨੇ ਆਪਣੇ ਵਕੀਲਾਂ ਰਾਹੀਂ ਹਾਈ ਕੋਰਟ ਨੂੰ ਅਪੀਲ ਕਰ ਕੇ ਵਿਸ਼ੇਸ਼ ਅਦਾਲਤ ਵਿਚ ਚੱਲਦੀ ਸੁਣਵਾਈ ਰੁਕਵਾਉਣੀ ਚਾਹੀ ਸੀ। ਮੁਸ਼ੱਰਫ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਹਾਈ ਕੋਰਟ ਨੂੰ ਵਿਸ਼ੇਸ਼ ਅਦਾਲਤ ਦੇ ਬਣਨ ਖਿਲਾਫ ਅਰਜ਼ੀ ਦਿੱਤੀ ਹੈ, ਜਿਸ ਵਿਚ ਕੇਸ ਦੇ ਇਰਾਦੇ ਉੱਤੇ ਸਵਾਲ ਚੁੱਕੇ ਗਏ ਹਨ। ਮੁਸ਼ੱਰਫ ਨੂੰ ਹਾਈ ਕੋਰਟ ਤੇ ਵਿਸ਼ੇਸ਼ ਅਦਾਲਤ ਕਈ ਵਾਰ ਸੰਮਨ ਜਾਰੀ ਕਰਦੀ ਰਹੀ, ਪਰ ਉਹ ਹਰ ਵਾਰ ਦੁਬਈ ਤੋਂ ਬੀਮਾਰੀ ਦਾ ਬਹਾਨਾ ਲਾ ਕੇ ਮੁੜਨ ਤੋਂ ਇਨਕਾਰ ਕਰਦਾ ਰਿਹਾ। ਪਿੱਛੇ ਜਿਹੇ ਮੁਸ਼ੱਰਫ ਨੇ ਹਸਪਤਾਲ ਤੋਂ ਇਕ ਵੀਡੀਓ ਜਾਰੀ ਕੀਤੀ ਸੀ, ਜਿਸ ਵਿਚ ਉਹ ਬਿਸਤਰ ਉੱਤੇ ਲੰਮਾ ਪਿਆ ਕਹਿੰਦਾ ਸੀ ਕਿ ਦੇਸ਼ ਧਰੋਹ ਦਾ ਕੇਸ ਬੇਬੁਨਿਆਦ ਹੈ। ਗੱਦਾਰੀ ਛੱਡੋ, ਮੈਂ ਤਾਂ ਇਸ ਦੇਸ਼ ਦੀ ਕਈ ਵਾਰ ਖਿਦਮਤ ਕੀਤੀ, ਕਈ ਵਾਰ ਜੰਗ ਲੜੀ ਹੈ। 10 ਸਾਲ ਸੇਵਾ ਕੀਤੀ। ਅੱਜ ਮੇਰੀ ਸੁਣਵਾਈ ਨਹੀਂ ਹੋ ਰਹੀ। ਮੇਰੇ ਖਿਲਾਫ ਜਾਂਚ ਕਮਿਸ਼ਨ ਬਣਾਇਆ ਗਿਆ। ਬੇਸ਼ੱਕ ਬਣਾਓ, ਪਰ ਇਹ ਕਮਿਸ਼ਨ ਆ ਕੇ ਮੇਰੀ ਸਿਹਤ ਦੇਖੇ ਅਤੇ ਬਿਆਨ ਦਰਜ ਕਰੇ। ਇਸ ਤੋਂ ਬਾਅਦ ਕੋਈ ਕਾਰਵਾਈ ਕੀਤੀ ਜਾਵੇ।

# ਬਾਬਰੀ ਮਸਜਿਦ ਦੇ ਵਿਵਾਦਿਤ ਢਾਂਚੇ ਦੀ ਨਾਟਕੀ ਪੇਸ਼ਕਾਰੀ ਕਾਰਨ ਪੰਜਾਂ ਉੱਤੇ ਕੇਸ ਦਰਜ

ਬੈਂਗਲੁਰੂ, 17 ਦਸੰਬਰ, (ਪੋਸਟ ਬਿਊਰੋ)- ਅਯੁੱਧਿਆ ਵਿੱਚ ਬਾਬਰੀ ਮਸਜਿਦ ਦਾ ਵਿਵਾਦਿਤ ਢਾਂਚਾ ਡੇਗਣ ਦੀ ਘਟਨਾ ਬਾਰੇ ਇੱਕ ਸਕੂਲ ਦੇ ਸਾਲਾਨਾ ਸਮਾਗਮ ਵਿਚ ਵਿਦਿਆਰਥੀਆਂ ਵੱਲੋਂ ਨਾਟਕੀ ਪੇਸ਼ਕਾਰੀ ਕਰਨ ਦੇ ਮੁੱਦੇ ਨੂੰ ਲੈ ਕੇ ਇਸ ਸਕੂਲ ਦੇ ਪੰਜ ਪ੍ਰਬੰਧਕਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ। ਕਰਨਾਟਕਾ ਦੇ ਦੱਖਣੀ ਕੰਨੜ ਜ਼ਿਲ੍ਹੇ ਵਿਚ ਬੰਟਵਾਲ ਨੇੜਲੇ ਸਕੂਲ ਵਿਚ ਵਿਦਿਆਰਥੀਆਂ ਨੇ ਐਤਵਾਰ ਨੂੰ ਨਾਟਕ ਪੇਸ਼ ਕੀਤਾ ਸੀ। ਇਸ ਮੌਕੇ ਪੁੱਡੂਚੇਰੀ ਦੀ ਲੈਫਟੀਨੈਂਟ ਗਵਰਨਰ ਕਿਰਨ ਬੇਦੀ ਤੇ ਕੇਂਦਰੀ ਮੰਤਰੀ ਡੀ ਵੀ ਸਦਾਨੰਦ ਗੌੜਾ ਵੀ ਸਮਾਗਮ ਵਿੱਚ ਵਿਸ਼ੇਸ਼ ਮਹਿਮਾਨ ਸਨ। ਰਾਸ਼ਟਰੀ ਸਵੈ-ਸੇਵਕ ਸੰਘ (ਆਰ ਐੱਸ ਐੱਸ) ਦੇ ਕਾਲਾਡਕਾ ਅਹੁਦੇਦ-ਾਰ ਪ੍ਰਭਾਕਰ ਭੱਟ ਅਤੇ ਸ਼੍ਰੀਰਾਮ ਵਿਦਿਆ ਕੇਂਦਰ ਚਲਾਉਣ ਵਾਲੇ ਚਾਰ ਹੋਰਨਾਂ ਦੇ ਖ਼ਿਲਾਫ਼ ਕੇਸ ਦਰਜ ਕਰਵਾਇਆ ਗਿਆ ਹੈ। ਇਹ ਸਕੂਲ ਮੰਗਲੁਰੂ ਤੋਂ ਕਰੀਬ 30 ਕਿਲੋਮੀਟਰ ਦੂਰ ਕਾਲਾਡਕਾ ਪਿੰਡ ਵਿਚ ਹੈ। ਸਭ ਦੇ ਖ਼ਿਲਾਫ਼ ਭਾਰਤੀ ਦੰਡਾਵਲੀ ਦੀ ਧਾਰਾ 295 (ਏ) ਅਤੇ 298 ਦਾ ਕੇਸ ਦਰਜ ਹੋਇਆ ਹੈ। ਉਸੇ ਖੇਤਰ ਵਿਚ ਰਹਿੰਦੇ ਪਾਪੂਲਰ ਫਰੰਟ (ਪੀ ਐੱਫ ਆਈ) ਦੇ ਆਗੂ ਅਬੂ ਬਕਰ ਸਿੱਦੀਕੀ ਦੀ ਸ਼ਿਕਾਇਤ ਉੱਤੇ ਪੁਲਿਸ ਨੇ ਕਾਰਵਾਈ ਕੀਤੀ ਹੈ।

ਦੱਖਣੀ ਕੰਨੜ ਜ਼ਿਲ੍ਹੇ ਦੇ ਪੁਲਿਸ ਸੁਪਰਡੈਂਟ ਬੀ ਐੱਮ ਲਕਸ਼ਮੀ ਪ੍ਰਸਾਦ ਨੇ ਕਿਹਾ ਕਿ ਪੀ ਐੱਫ ਆਈ ਵਰਕਰ ਦੀ ਸ਼ਿਕਾਇਤ ਉੱਤੇ ਅਸੀਂ ਸਕੂਲ ਦੇ ਪੰਜ ਪ੍ਰਬੰਧਕਾਂ ਉੱਤੇ ਕੇਸ ਦਰਜ ਕੀਤਾ ਹੈ। ਜਾਂਚ ਜਾਰੀ ਹੈ ਅਤੇ ਅਸੀਂ ਅਜੇ ਤਕ ਕਿਸੇ ਨੂੰ ਗ੍ਰਿਫ਼ਤਾਰ ਨਹੀਂ ਕੀਤਾ। ਇਹ ਸ਼ਿਕਾਇਤ ਅੱਧੇ ਮਿੰਟ ਦੇ ਵੀਡੀਓ ਬਾਰੇ ਹੈ, ਅਸੀਂ ਸਬੂਤ ਇਕੱਠੇ ਕਰ ਰਹੇ ਹਾਂ।

ਵਰਨਣ ਯੋਗ ਹੈ ਕਿ ਪੁਡੂਚੇਰੀ ਦੀ ਲੈਫਟੀਨੈਂਟ ਗਵਰਨਰ ਕਿਰਨ ਬੇਦੀ ਨੇ ਇਸ ਨਾਟਕ ਦਾ ਵੀਡੀਓ ਪੋਸਟ ਕੀਤਾ ਤੇ ਲਿਖਿਆ ਸੀ ਕਿ ਇਸ ਪ੍ਰੋਗਰਾਮ ਵਿਚ ਹਿੱਸਾ ਲੈਣ ਵਾਲੇ 3,800 ਤੋਂ ਵੱਧ ਵਿਦਿਆਰਥੀਆਂ ਨੇ ਅਯੁੱਧਿਆ ਵਿਚ ਰਾਮ ਮੰਦਰ ਦਾ ਨਕਸ਼ਾ ਵੀ ਬਣਾਇਆ ਸੀ। ਸਕੂਲ ਦੇ ਅਹੁਦੇਦਾਰ ਪ੍ਰਭਾਕਰ ਭੱਟ ਨੇ ਕਿਹਾ ਹੈ ਕਿ ਇਹ ਸਾਡੇ ਇਤਿਹਾਸ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਦੇਸ਼ ਭਗਤੀ ਦੀ ਭਾਵਨਾ ਜਾਗ੍ਰਿਤ ਕਰਨ ਦਾ ਯਤਨ ਸੀ। ਹਰ ਸਾਲ ਵਿਦਿਆਰਥੀ ਆਪਣਾ ਪ੍ਰੋਗਰਾਮ ਚੁਣਦੇ ਹਨ। ਸੁਪਰੀਮ ਕੋਰਟ ਦੇ ਫ਼ੈਸਲੇ ਪਿੱਛੋਂ ਇਸ ਸਾਲ ਵਿਦਿਆਰਥੀਆਂ ਨੇ ਇਸ ਮੁੱਦੇ ਦੀ ਚੋਣ ਕੀਤੀ ਸੀ।

# ਵਿਸ਼ਵ ਪੰਜਾਬੀ ਕਵੀ ਸਭਾ ਦੀ ਸਿਲਵਰ ਜੁਬਲੀ



ਲੁਧਿਆਣਾ 17 ਦਸੰਬਰ (ਗਿਆਨ ਸਿੰਘ ) ਪੰਥਕ ਕਵੀਆਂ ਦੀ ਸ਼ਾਨਦਾਰ ਸਭਾ ਵਿਸ਼ਵ ਪੰਜਾਬੀ ਕਵੀ ਸਭਾ ਦੀ ਸਿਲਵਰ ਜੁਬਲੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਕੇਂਦਰੀ ਦਫਤਰ ਮਾਡਲ ਟਾਊਨ ਐਕਸਟੈਂਸ਼ਨ ਲੁਧਿਆਣਾ ਵਿਖੇ ਬੜੇ ਉਤਸ਼ਾਹ ਨਾਲ ਮਨਾਈ ਗਈ। ਪ੍ਰਧਾਨਗੀ ਮੰਡਲ ਵਿੱਚ ਸਭਾ ਦੇ ਮੋਢੀ ਪ੍ਰਧਾਨ ਜੋਗਿੰਦਰ ਸਿੰਘ ਕੰਗ, ਗੁਰਨਾਮ ਸਿੰਘ ਕੋਮਲ, ਸੁਰਜੀਤ ਸਿੰਘ ਜੀਤ, ਐਡਵੋਕੇਟ ਮੁਖਤਿਆਰ ਸਿੰਘ ਮਾਨ ਅਤੇ ਐਡਵੋਕੇਟ ਸੰਜੇ ਵਸਿਸ਼ਟ ਸੁਸ਼ੋਭਿਤ ਸਨ। ਐਡਵੋਕੇਟ ਕਿਰਪਾਲ ਸਿੰਘ ਕਾਲੜਾ (ਜਨਰਲ ਸਕੱਤਰ) ਨੇ ਜਿੱਥੇ ਸਟੇਜ ਦਾ ਬਾ-ਖ਼ੂਬੀ ਸੰਚਾਲਨ ਕੀਤਾ, ਉਥੇ ਸਾਰੇ ਕਵੀਆਂ ਨੂੰ ਜੀ-ਆਇਆ ਵੀ ਕਿਹਾ। ਯਾਦ ਰਹੇ ਕਿ ਵਿਸ਼ਵ ਪੰਜਾਬੀ ਕਵੀ ਸਭਾ ਦਾ ਗਠਨ ਦਸੰਬਰ 1994 ਨੂੰ ਲੁਧਿਆਣਾ ਸ਼ਹਿਰ ਦੇ ਪ੍ਰਮੁੱਖ ਕਵੀਆਂ ਨੇ ਗੁਰਦੁਆਰਾ ਮਸਤੂਆਣਾ ਸਾਹਿਬ ਦੁਗਰੀ ਰੋਡ ਵਿਖੇ ਸਰਬ ਸੰਪਤੀ ਨਾਲ ਕੀਤਾ। ਇਸ ਸਮਾਗਮ ਵਿੱਚ ਸ਼ਾਨਦਾਰ ਕਵੀ ਦਰਬਾਰ ਵੀ ਹੋਇਆ ਜਿਸ ਵਿੱਚ ਇੰਟਰਨੈਸ਼ਨਲ ਕਵੀ ਸਭਾ ਦੇ ਪ੍ਰਧਾਨ ਰਵਿੰਦਰ ਸਿੰਘ ਦੀਵਾਨਾ, ਗੁਰਦੀਪ ਸਿੰਘ ਮੱਕੜ, ਸੰਪੂਰਨ ਸਿੰਘ ਸਨਮ, ਗੁਰਵਿੰਦਰ ਸਿੰਘ ਸ਼ੇਰਗਿੱਲ, ਦਲੀਪ ਸਿੰਘ ਅਰੋੜਾ, ਅਮਰਜੀਤ ਕੌਰ ਨੂਰੀ, ਰਣਜੀਤ ਕੌਰ ਕਲਸੀ, ਚਰਨਜੀਤ ਸਿੰਘ ਚੰਨ, ਦਲਬੀਰ ਸਿੰਘ ਰਿਆੜ, ਅਮਰਜੀਤ ਸਿੰਘ ਪਟਿਆਲਵੀ, ਰਛਪਾਲ ਸਿੰਘ ਪਾਲ, ਸੁਰਜੀਤ ਸਿੰਘ ਜੀਤ, ਗੁਰਨਾਮ ਸਿੰਘ ਕੋਮਲ ਤੇ ਜੋਗਿੰਦਰ ਸਿੰਘ ਕੰਗੇ ਨੇ ਭਾਗ ਲਿਆ।








Paramjit Deol
Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

"Your neighborhood broker, Call Paramjit Deol Today"

**Mississauga $134,000** — **17 Tannery St:** Well Established Franchise Pizzeria, Located In Dwntown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Low Rent Of $2800 + Hst

**Mississauga $169,900** — **7215 Goreway Dr 70:** Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow. Close to Amenities

**St. Catharines $189,000** — **198 Glenridge Ave 5:** Turn Key Operation. Be Your Own Boss Today, Well Established Pizzeria, Great Clientele, Prime Location In St. Catherines, Steps Away From Brock University & 2 Major High Schools. There Is A Line Up Everyday At Lunch

**Mississauga $199,900** — Techlogics — **5315 Tomken Rd 5:** Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

**Mississauga $299,000** — Gino's Pizza — **136 Queen St S 2:** Well Established Franchise Pizzeria Business For Sale In Downtown Streetsville. Many Years In Business Weekly Sales Are $13500-14000/Wk. Very Busy Location, Located Beside A Huge And Busy Plaza, Across From Tim Hortons, LCBO & Other Stores

**Mississauga $399,900** — Photo Not Available — **7120 Pacific Circ B :** Well Established Business For Sale, Truck Trailer Repair Shop, Many Years In Business, Well Known & Reputable Service, Long List Of Great Clientele & Repeated Customers, Approx 6,000 Sqft, Hold Upto 6 Trucks At A Time, Fast Sales $900,000 Per Year As

**Shelburne $399,999** — **328 Centre St:** This Beautiful Renovated Home Comes With 3+2 Bedrooms And 2 1/2 Bathrooms. The Large Kitchen Has Lots Of Storage With Built In Pantry And A Dinning Area For Entertaining Friends And Family. The Large Open-Concept Living Space Provides An Unobstructed View Of The

**Toronto $435,000** — **90 Dale Ave 407:** Open Concept 2 Bedroom And 2 Bath Bright And Spacious Unit With Fabulous Floor To Ceiling Windows, Convenient Ensuite Laundry, Gym, Indoor Pool, Sauna, Party Room, Security. Guildwood Go Station Nearby. Steps To Conservation Area Trails, Mins

**Mississauga $449,000** — **2556 Argyle Rd 1104:** Fully Renovated Move-In-Ready Condo, 2 Spacious Bedrooms, 2 Baths In A Very Quiet, Clean & Family Oriented Building In Highly Desirable Area (10 Mins To Square One). Good Layout With Large Living Room, Ensuite Laundry, & Large Balcony (Unobstructed View) With New

**Richmond Hill $560,000** — **8868 Yonge St 222E :** Westwood Gardens At Yonge And Hwy7 In Richmond Hill Rare On The Market! 2 Bdrm South East Facing Unit Open Concept Layout! Great Location In The Heart Of The Richmond Hill, Features 9 Ft Ceilings, Nice Finishes

**Brampton $655,000** — **32 Tollgate St :** Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools & Hospital.

**Oshawa $659,000** — Photo Not Available — **150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Toronto $829,900** — **29 Phillip Ave:** Attention Builders, Renovators & Contractors! Finish To Your Taste! Includes Full Set Of Building Plans & Approved Building Permit For Immediate Development Of A Stunning 2100 Sq Ft Home+Garage, Open Concept Main Floor W/10 Ft Ceilings, 4 Bedroom, 4 Baths, 2 Walk-In Closets &

**Brampton $983,000** — **87 Earlsbridge Blvd:** This Home Feats Traditional European Style & Tasteful Decor. The Open Concept Main Flr Has Hrwd Flrs, Wainscoting, Designer Light Fixtures. Family-Sized Kitchen Is Fitted With Centre Island, Ss Appliances & Marble

**Mississauga $1,100,000** — **785 Craig Carrier Crt:** Gorgeous, Premium Lot, All Brick Detached 3+1 Bdrm In Olde Meadowvale Village. All Hdwd Throughout Main Floor, Custom Kitchen B/S Granite, Display Cabinets, S/S App, Brkfst Area, W/O To Deck & Fenced Yrd, Fam Rm W F/Place, Hdwd

**Brampton $1,900,000** — Photo Not Available — **115 Orenda Rd:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller.

*Canadian punjabi post assumes no responsibility for the accuracy of any information shown. Copyright Ppost 2019

# ਮਹਾਰਾਸ਼ਟਰ ਵਿਧਾਨ ਸਭਾ ਵਿੱਚ ਸ਼ਿਵ ਸੈਨਾ ਤੇ ਭਾਜਪਾ ਦੇ ਮੈਂਬਰ ਆਪੋ ਵਿੱਚ ਹੱਥੋਪਾਈ

## * ਪੁਰਾਣੇ ਭਾਈਵਾਲਾਂ ਨੇ ਇੱਕ-ਦੂਜੇ ਨੂੰ ਗਲੋਂ ਜਾ ਫੜਿਆ



ਨਾਗਪੁਰ, 17 ਦਸੰਬਰ, (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਕਿਸਾਨਾਂ ਨੂੰ ਮਦਦ ਦੇਣ ਦੇ ਮੁੱਦੇ ਤੋਂ ਭਾਜਪਾ ਤੇ ਸ਼ਿਵ ਸੈਨਾ ਦੇ ਵਿਧਾਇਕ ਅੱਜ ਮੰਗਲਵਾਰ ਨੂੰ ਮਹਾਰਾਸ਼ਟਰ ਵਿਧਾਨ ਸਭਾ ਵਿਚ ਆਪੋ ਵਿਚ ਭਿੜ ਗਏ ਤੇ ਇਕ ਦੂਸਰੇ ਦੇ ਕਾਲਰ ਜਾ ਫੜੇ। ਸੀਨੀਅਰ ਲੀਡਰਾਂ ਅਤੇ ਸਾਬਕਾ ਮੰਤਰੀਆਂ ਨੇ ਦਖ਼ਲ ਦੇ ਕੇ ਉਨ੍ਹਾਂ ਨੂੰ ਵੱਖੋ-ਵੱਖ ਕੀਤਾ। ਵਿਧਾਨ ਕੌਂਸਲ ਵਿੱਚ ਵੀ ਇਸ ਮੁੱਦੇ ਉੱਤੇ ਹੰਗਾਮਾ ਹੋਇਆ ਤੇ ਦੋਵਾਂ ਸਦਨਾਂ ਦੀ ਕਾਰਵਾਈ ਪੂਰਾ ਦਿਨ ਮੁਲਤਵੀ ਕਰਨੀ ਪਈ।

ਸਰਦੀਆਂ ਦੀ ਰਾਜਧਾਨੀ ਨਾਗਪੁਰ ਵਿੱਚ ਹੋ ਰਹੇ ਸਮਾਗਮ ਲਈ ਅੱਜ ਜਦੋਂ ਵਿਧਾਨ ਸਭਾ ਦੀ ਕਾਰਵਾਈ ਸ਼ੁਰੂ ਹੀ ਹੋਈ ਤਾਂ ਭਾਜਪਾ ਵਿਧਾਇਕ ਅਭਿਮੰਨਿਊ ਪਵਾਰ ਨੇ ਮੁੱਖ ਮੰਤਰੀ ਊਧਵ ਠਾਕਰੇ ਦੇ ਅੱਗੇ ਇਕ ਬੈਨਰ ਲਹਿਰਾਉਣ ਲਈ ਯਤਨ ਕੀਤਾ, ਜਿਸ ਉੱਤੇ ਸ਼ਿਵ ਸੈਨਾ ਦੀ ਅਖ਼ਬਾਰ 'ਸਾਮਨਾ' ਵੱਲੋਂ ਛਾਪੀ ਰਿਪੋਰਟ ਦਾ ਜ਼ਿਕਰ ਸੀ, ਜਿਸ ਵਿਚ ਊਧਵ ਨੇ ਬੇਮੌਸਮੀ ਬਾਰਿਸ਼ ਤੋਂ ਪ੍ਰਭਵਿਤ ਕਿਸਾਨਾਂ ਲਈ ਪ੍ਰਤੀ ਹੈਕਟੇਅਰ 25 ਹਜ਼ਾਰ ਰੁਪਏ ਮਦਦ ਦੀ ਮੰਗ ਕੀਤੀ ਸੀ। ਭਾਜਪਾ ਵਿਧਾਇਕ ਇਸ ਮੌਕੇ ਊਧਵ ਠਾਕਰੇ ਨੂੰ ਉਨ੍ਹਾਂ ਦੀ ਮੰਗ ਦੀ ਯਾਦ ਕਰਵਾਉਣਾ ਚਾਹੁੰਦੇ ਸਨ, ਜੋ ਉਨ੍ਹਾਂ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਕੀਤੀ ਸੀ। ਇਸ ਮੌਕੇ ਭਾਜਪਾ ਵਿਧਾਇਕ ਸਦਨ ਦੇ ਵਿਹੜੇ ਵਿਚ ਜਾ ਕੇ ਨਾਅਰੇਬਾਜ਼ੀ ਕਰਨ ਲੱਗੇ। ਉਨ੍ਹਾਂ ਦੀ ਮੰਗ ਸੀ ਕਿ ਊਧਵ ਠਾਕਰੇ ਨੇ ਮੁੱਖ ਮੰਤਰੀ ਬਣਨੋਂ ਪਹਿਲਾਂ ਜੋ ਮੰਗ ਕੀਤੀ ਸੀ, ਉਹ ਅੱਜ ਪੂਰੀ ਕਰਨ। ਇਸ ਦੇ ਬਾਅਦ ਸ਼ਿਵ ਸੈਨਾ ਵਿਧਾਇਕ ਸੰਜੇ ਗਾਇਕਵਾੜ ਨੇ ਅਭਿਮੰਨਿਊ ਪਵਾਰ ਤੋਂ ਬੈਨਰ ਖੋਹਣ ਦਾ ਯਤਨ ਕੀਤਾ ਤਾਂ ਇਸੇ ਤੋਂ ਦੋਵਾਂ ਨੇ ਇਕ ਦੂਜੇ ਨੂੰ ਗਲੋਂ ਫੜ ਲਿਆ। ਫਿਰ ਸੀਨੀਅਰ ਆਗੂਆਂ ਤੇ ਸਾਬਕਾ ਮੰਤਰੀਆਂ ਨੇ ਉਨ੍ਹਾਂ ਨੂੰ ਵੱਖ-ਵੱਖ ਕੀਤਾ। ਸਪੀਕਰ ਨਾਨਾ ਪਟੋਲੇ ਨੇ ਭਾਜਪਾ ਵਿਧਾਇਕਾਂ ਨੂੰ ਸੀਟਾਂ ਉੱਤੇ ਮੁੜਨ ਤੇ ਸਦਨ ਦੀ ਕਾਰਵਾਈ ਚੱਲਣ ਦੇਣ ਦੀ ਅਪੀਲ ਕੀਤੀ, ਪਰ ਇਸ ਦੌਰਾਨ ਕੁਝ ਹੋਰ ਸ਼ਿਵ ਸੈਨਾ ਵਿਧਾਇਕਾਂ ਨੇ ਭਾਜਪਾ ਮੈਂਬਰਾਂ ਤੋਂ ਬੈਨਰ ਖੋਹਣ ਦੀ ਕੋਸ਼ਿਸ਼ ਕੀਤੀ, ਜਿਸ ਤੋਂ ਹੰਗਾਮਾ ਹੋਰ ਵਧ ਗਿਆ। ਇਸ ਨਾਲ ਭਾਜਪਾ ਵਿਧਾਇਕਾਂ ਨੇ ਸੀਟਾਂ ਉੱਤੇ ਜਾਣ ਤੋਂ ਨਾਂਹ ਕਰ ਦਿੱਤੀ ਤਾਂ ਸਪੀਕਰ ਨੇ ਸਦਨ ਦੀ ਕਾਰਵਾਈ ਅੱਧੇ ਘੰਟੇ ਲਈ ਮੁਲਤਵੀ ਕਰ ਦਿੱਤੀ। ਕਾਰਵਾਈ ਦੁਬਾਰਾ ਸ਼ੁਰੂ ਹੋਣ ਉੱਤੇ ਵੀ ਇਹੋ ਹੰਗਾਮਾ ਜਾਰੀ ਰਿਹਾ ਤਾਂ ਸਪੀਕਰ ਨੇ ਕਾਰਵਾਈ ਪੂਰੇ ਦਿਨ ਲਈ ਮੁਲਤਵੀ ਕਰ ਦਿੱਤੀ।

ਦੋਵਾਂ ਸਦਨਾਂ ਦੀ ਕਾਰਵਾਈ ਮੁਲਤਵੀ ਹੋਣ ਪਿੱਛੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਊਧਵ ਠਾਕਰੇ ਨੇ ਕਿਹਾ ਕਿ ਕਿਸਾਨਾਂ ਨਾਲ ਕੀਤਾ ਵਾਅਦਾ ਉਨ੍ਹਾਂ ਤੇ ਮੇਰੇ ਵਿਚਾਲੇ ਹੈ ਤੇ ਮੈਂ ਵਾਅਦਾ ਪੂਰਾ ਕਰਨ ਵਾਲਾ ਹਾਂ। ਵਿਰੋਧੀ ਧਿਰ ਇਹ ਦੱਸਣ ਦੀ ਕੋਸ਼ਿਸ਼ ਨਾ ਕਰੇ ਕਿ ਉਨ੍ਹਾਂ ਨੇ ਸਾਨੂੰ ਏਦਾਂ ਕਰਨ ਨੂੰ ਮਜਬੂਰ ਕੀਤਾ ਹੈ। ਜੇ ਸਵਾਲ ਪੁੱਛਣਾ ਚਾਹੁੰਦੇ ਹਨ ਤਾਂ ਪੁੱਛਣ ਦਾ ਤਰੀਕਾ ਹੁੰਦਾ ਹੈ। ਰੌਲਾ ਪਾ ਕੇ ਅਤੇ ਇਕ ਦੂਜੇ ਦੀ ਗੱਲ ਸੁਣੇ ਬਿਨਾਂ ਸਵਾਲ ਨਹੀਂ ਪੁੱਛੇ ਜਾ ਸਕਦੇ।

# ਦਾਜ ਵਿੱਚ ਬਲੈਰੋ ਦੀ ਜਗ੍ਹਾ ਟਰੈਕਟਰ ਮਿਲਿਆ ਤਾਂ ਤਲਾਕ ਦਿੱਤਾ



ਪੁਨਹਾਨਾ (ਨੂੰਹ), 17 ਦਸੰਬਰ (ਪੋਸਟ ਬਿਊਰੋ)- ਭਾਰਤ ਵਿੱਚ ਤਲਾਕ ਦੇ ਕੇਸ ਘੱਟ ਨਹੀਂ ਹੋ ਰਹੇ। ਇਸੇ ਕੜੀ ਵਿੱਚ ਜ਼ਿਲੇ ਦੇ ਬਿਛੌਰ ਪਿੰਡ ਵਿੱਚ ਦਾਜ ਵਿੱਚ ਬਲੈਰੋ ਦੀ ਜਗ੍ਹਾ ਟਰੈਕਟਰ ਮਿਲਣ ਤੋਂ ਖਫਾ ਪਤੀ ਨੇ ਗੁੱਸੇ ਕਾਰਨ ਪਤਨੀ ਨੂੰ ਤਿੰਨ ਵਾਰ ਕਹਿ ਕੇ ਤਲਾਕ ਦੇ ਦਿੱਤਾ। ਪੀੜਤਾ ਦੇ ਪਿਤਾ ਦੀ ਸ਼ਿਕਾਇਤ 'ਤੇ ਪੁਲਸ ਨੇ ਪਤੀ ਸਮੇਤ ਛੇ ਸਹੁਰੇ ਪਰਵਾਰ ਦੇ ਮੈਂਬਰਾਂ ਦੇ ਖਿਲਾਫ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਪੀੜਤਾ ਦੇ ਪਿਤਾ ਨੇ ਦੱਸਿਆ ਕਿ ਉਨ੍ਹਾਂ ਦੀ ਬੇਟੀ ਦਾ ਨਿਕਾਹ ਛੇ ਮਹੀਨੇ ਪਹਿਲਾਂ ਸਾਬਿਰ ਵਾਸੀ ਨਗੀਨਾ ਨਾਲ ਹੋਇਆ ਸੀ। ਉਸ ਨੇ ਨਿਕਾਹ ਦੇ ਸਮੇਂ ਇੱਕ ਟਰੈਕਟਰ ਦੇ ਨਾਲ ਹੋਰ ਸਾਮਾਨ ਵੀ ਦਿੱਤਾ ਸੀ, ਪਰ ਸਹੁਰਾ ਪਰਵਾਰ ਖੁਸ਼ ਨਹੀਂ ਸੀ, ਉਹ ਬਲੈਰੋ ਜੀਪ ਦੀ ਮੰਗ ਕਰਦੇ ਸਨ। ਮੰਗ ਪੂਰੀ ਨਾ ਹੋਣ 'ਤੇ 10 ਦਿਨ ਪਹਿਲਾਂ ਤਿੰਨ ਤਲਾਕ ਦੇ ਕੇ ਸਾਬਿਰ ਨੇ ਆਪਣੀ ਪਤਨੀ ਨੂੰ ਘਰੋਂ ਕੱਢ ਦਿੱਤਾ। ਪੇਕੇ ਆਉਣ ਪਿੱਛੋਂ ਉਸ ਨੇ ਪੁਲਸ ਨੂੰ ਸ਼ਿਕਾਇਤ ਕੀਤੀ। ਜਾਂਚ ਅਧਿਕਾਰੀ ਰਣਵੀਰ ਸਿੰਘ ਨੇ ਦੱਸਿਆ ਕਿ ਪੀੜਤਾ ਅਤੇ ਉਸ ਦੇ ਪਿਤਾ ਦੀ ਸ਼ਿਕਾਇਤ 'ਤੇ ਸਾਬਿਰ, ਖੁਰਸ਼ੀਦ, ਜੁਬੈਦਾ, ਮੁਹੰਮਦ, ਭੁਰੂ ਅਤੇ ਮੁਸਕਾਨ ਵਾਸੀ ਨਗੀਨਾ ਦੇ ਖਿਲਾਫ ਮੁਸਲਿਮ ਮਹਿਲਾ (ਵਿਆਹ ਅਧਿਕਾਰ ਸੁਰੱਖਿਆ) ਕਾਨੂੰਨ ਤੇ ਦਾਜ ਦੀਆਂ ਧਾਰਾਵਾਂ ਦਾ ਕੇਸ ਦਰਜ ਕੀਤਾ ਹੈ।


2019

ਸਾਕਾ ਗੜ੍ਹੀ ਚਮਕੌਰ ਅਤੇ ਸਾਕਾ ਸਰਹਿੰਦ ਵਿਖੇ ਚਾਰੇ ਸਾਹਿਬਜਾਦੇ, ਮਾਤਾ ਗੁਜਰੀ ਜੀ ਅਤੇ ਮਹਾਨ ਸਿੰਘਾਂ ਦੀਆਂ ਅਦੁੱਤੀ ਕੁਰਬਾਨੀਆਂ ਅਤੇ ਸਰਬੰਸ ਦਾਨੀ ਪਿਤਾ ਦੀ ਖਾਲਸੇ ਤੋਂ ਸਭ ਕੁੱਝ ਨਿਛਾਵਰ ਕਰਕੇ ਜੁਲਮ ਦੀ ਜੜ੍ਹ ਪੁੱਟਣ ਦੀ ਦਾਸਤਾਨ ਨੂੰ ਸਮਰਪਿਤ ।



ਦੁਖ ਰੋਗ ਨਿਵਾਰਨ ਕੈਂਪ

ਦੁਖ ਭੰਜਨੁ ਤੇਰਾ ਨਾਮੁ ਮਿਸ਼ਨ, ਕਨੇਡਾ

ਜੁੱਗੋ ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਖਸ਼ਿਸ਼ਾਂ ਭਰੀ ਪਵਿੱਤਰ ਹਜ਼ੂਰੀ ਅੰਦਰ ਸੰਗਤੀ ਰੂਪ ਵਿੱਚ ਅਨੇਕਾਂ ਵੀਰ-ਭੈਣ ਗੁਰਬਾਣੀ ਵਿੱਚ ਦੱਸੀ ਵਿਧੀ ਮੁਤਾਬਕ ਗੁਰਬਾਣੀ ਗਾਉਣ, ਸੁਣਨ ਅਤੇ ਭਾਣੇ ਤੇ ਭਰੋਸੇ ਨੂੰ ਸਮਝ ਕੇ ਮਨ ਵਿੱਚ ਵਸਾਉਣ ਨਾਲ ਪਹਿਲਾਂ ਲੱਗੇ ਕੈਂਪਾਂ ਵਿੱਚ ਅਪਣੇ ਦੁੱਖਾਂ, ਰੋਗਾਂ ਤੋਂ ਛੁਟਕਾਰਾ ਪਾ ਚੁਕੇ ਹਨ ।

ਆਓ! ਹੇਠਾਂ ਦੱਸੇ ਅਨੁਸਾਰ ਲੱਗਣ ਜਾ ਰਹੇ ਕੈਂਪਾਂ ਰਾਹੀਂ ਅਪਣੇ ਦੁੱਖਾਂ, ਰੋਗਾਂ ਅਤੇ ਵਿਘਨਾਂ ਤੋਂ ਛੁਟਕਾਰਾ ਪਾਈਏ।

ਨੋਟ: ਦੁਖ ਭੰਜਨੁ ਤੇਰਾ ਨਾਮੁ ਮਿਸ਼ਨ ਮੈਡੀਕਲ ਸਾਇੰਸ ਤੋਂ ਮਿਲਣ ਵਾਲੀ ਵਡਮੁੱਲੀ ਮੱਦਦ ਦਾ ਵਿਰੋਧੀ ਨਹੀਂ ਅਤੇ ਨਾ ਹੀ ਦੁਆਈ ਛੱਡਣ ਜਾਂ ਘਟਾਉਣ ਦੀ ਸਲਾਹ ਦਿੰਦਾ ਹੈ । ਮਿਸ਼ਨ ਵਲੋਂ ਸੰਗਤਾਂ ਨੂੰ ਬੇਨਤੀ ਹੈ ਕਿ ਦੁਆਈ ਸੰਬੰਧੀ ਕੋਈ ਵੀ ਫੈਸਲਾ ਕੇਵਲ ਆਪਣੇ ਡਾਕਟਰ ਦੀ ਸਲਾਹ ਨਾਲ ਹੀ ਕਰੋ ਜੀ ।

Nanaksar Gurdwara Sahib
Gore Road, Brampton
21 Dec to 25 Dec (Saturday to Wednesday): 1:30PM to 6:30PM

Malton Gurdwara Sahib
26 Dec to 29 Dec (Thursday to Sunday): 1:30 PM to 6:30PM

www.DukhBhanjanTeraNaam.com
905-230-5977 • 905-781-2020 • 647-537-8246 • 416-662-3228


# ਬਰੈਂਪਟਨ ਸਾਊਥ ਤੋਂ ਐਂਮ.ਪੀ ਸੋਨੀਆ ਸਿੱਧੂ ਨੇ ਹਲਕਾ ਨਿਵਾਸੀਆਂ ਨੂੰ ਟੈਕਸ ਘੁਟਾਲਿਆਂ ਤੋਂ ਸੁਚੇਤ ਰਹਿਣ ਦੀ ਕੀਤੀ ਅਪੀਲ



ਬ੍ਰੈਂਪਟਨ - ਬ੍ਰੈਂਪਟਨ ਸਾਊਥ ਤੋਂ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਨੇ ਆਪਣੇ ਹਲਕੇ ਦੇ ਨਿਵਾਸੀਆਂ ਨੂੰ ਟੈਕਸ ਘੁਟਾਲਿਆਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ ਹੈ। ਸਿੱਧੂ ਵੱਲੋਂ ਜਾਰੀ ਕੀਤੀ ਪ੍ਰੈੱਸ ਰਿਲੀਜ਼ 'ਚ ਉਹਨਾਂ ਨੇ ਲੋਕਾਂ ਨੂੰ ਅਜਿਹੇ ਸ਼ਰਾਰਤੀ ਅਨਸਰਾਂ ਤੋਂ ਬਚ ਕੇ ਰਹਿਣ ਦੀ ਸਲਾਹ ਦਿੱਤੀ ਹੈ, ਜੋ ਖੁਦ ਨੂੰ ਕੈਨੇਡਾ ਰੈਵੀਨਿਊ ਏਜੰਸੀ ਦੇ ਅਧਿਕਾਰੀ ਦੱਸ ਕੇ ਜਾਂ ਤਾਂ ਫੋਨ ਕਾਲ ਰਾਹੀਂ ਜਾਂ ਆਨਲਾਈਨ ਠੱਗੀ ਮਾਰ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ।

ਦਰਅਸਲ, ਕੁਝ ਗੁੰਮਰਾਹਕੁੰਨ ਵਿਅਕਤੀ ਖੁਦ ਨੂੰ ਸੀ.ਆਰ.ਏ ਅਧਿਕਾਰੀ ਦੱਸ ਕੇ ਕੈਨੇਡੀਅਨਜ਼ ਨੂੰ ਧਮਕੀ ਭਰੇ ਲਹਿਜ਼ੇ 'ਚ ਫੋਨ ਕਰ ਕੇ ਇਸ ਬਾਬਤ ਡਰਾਉਂਦੇ ਹਨ ਕਿ ਉਹਨਾਂ ਕੋਲੋਂ ਜਾਂ ਤਾਂ ਟੈਕਸ ਸਬੰਧੀ ਕੋਈ ਗਲਤੀ ਹੋਈ ਹੈ ਜਾਂ ਉਹਨਾਂ 'ਤੇ ਧੋਖਾਧੜੀ ਦਾ ਕੋਈ ਕੇਸ ਹੈ। ਇਸ ਤੋਂ ਬਾਅਦ ਉਹ ਕੁਝ ਅਹਿਮ ਅਤੇ ਨਿੱਜੀ ਜਾਣਕਾਰੀ ਵੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਹਨ ਜਿਵੇਂ ਕਿ ਸਿਨ ਨੰਬਰ ਜਾਂ ਕ੍ਰੈਡਿਟ/ਕਾਰਡ ਨੰਬਰ ਆਦਿ। ਅਜਿਹੀਆਂ ਕਾਲਾਂ ਤੋਂ ਡਰ ਕੇ ਕੁਝ ਕੈਨੇਡੀਅਨਜ਼ ਜਦੋਂ ਆਪਣੀ ਨਿੱਜੀ ਜਾਣਕਾਰੀ ਸਾਂਝੀ ਕਰ ਦਿੰਦੇ ਹਨ ਤਾਂ ਉਹਨਾਂ ਨੂੰ ਆਈਡੈਂਟਟੀ ਥੈਫਟ ਦਾ ਸ਼ਿਕਾਰ ਹੋਣਾ ਪੈਂਦਾ ਹੈ, ਜਿਸ ਨਾਲ ਉਹਨਾਂ ਨੂੰ ਵਿੱਤੀ ਜਾਂ ਨਿੱਜੀ ਨੁਕਸਾਨ ਝੇਲਣਾ ਪੈ ਸਕਦਾ ਹੈ।

ਦੱਸਣਯੋਗ ਹੈ ਕਿ ਸੀ.ਆਰ.ਏ ਵੱਲੋਂ ਕਦੀ ਵੀ ਧਮਕੀ ਭਰੇ ਲਹਿਜ਼ੇ 'ਚ ਫੋਨ, ਈਮੇਲ, ਡਾਕ ਜਾਂ ਮੈਸੇਜ ਰਾਹੀਂ ਕਿਤੇ ਮਿਲਣ, ਕੋਈ ਪੈਸੇ ਦਾ ਲੈਣ ਦੇਣ ਕਰਨ, ਡ੍ਰਾਈਵਿੰਗ ਲਾਇਸੰਸ, ਹੈਲਥ ਕਾਰਡ ਜਾਂ ਆਪਣੇ ਖਾਤੇ ਸਬੰਧੀ ਜਾਣਕਾਰੀ ਕਰਨ ਲਈ ਕਦੀ ਵੀ ਨਹੀਂ ਕਿਹਾ ਜਾਂਦਾ। ਜੇਕਰ ਤੁਹਾਨੂੰ ਅਜਿਹਾ ਕੋਈ ਫੋਨ ਆਉਂਦਾ ਹੈ ਤਾਂ ਤੁਸੀਂ ਆਨਲਾਈਨ ਜਾ ਕੇ ਜਾਂ 1-800-959-8281 (ਵਿਅਕਤੀਆਂ ਲਈ ) ਜਾਂ 1-800-959-5525 (ਕਾਰੋਬਾਰਾਂ ਲਈ) 'ਤੇ ਫੋਨ ਕਰ ਸਕਦੇ ਹੋ।

ਇਸ ਸਬੰਧੀ ਗੱਲ ਕਰਦਿਆਂ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਨੇ ਕਿਹਾ,"ਬ੍ਰੈਂਪਟਨ ਦੇ ਨਿਵਾਸੀਆਂ ਨੂੰ ਅਜਿਹੀਆਂ ਫੋਨ ਕਾਲਾਂ/ਮੈਸੇਜ ਜਾਂ ਈ-ਮੇਲਾਂ ਤੋਂ ਸੁਚੇਤ ਰਹਿਣ ਦੀ ਜ਼ਰੂਰਤ ਹੈ। ਕੋਈ ਵੀ ਸ਼ੱਕ ਜਾਂ ਫ੍ਰਾਡ ਹੋਣ ਦੀ ਸੂਰਤ 'ਚ ਕੈਨੇਡੀਅਨ ਰੈਵੀਨਿਊ ਏਜੰਸੀ ਦੀ ਅਧਿਕਾਰਤ ਵੈੱਬਸਾਈਟ 'ਤੇ ਜਾ ਕੇ ਜਾਂ ਫੋਨ ਕਰਕੇ ਸਬੰਧਤ ਅਧਿਕਾਰੀਆਂ ਨੂੰ ਸ਼ਿਕਾਇਤ ਦਰਜ ਕਰਵਾਉਣ 'ਚ ਦੇਰੀ ਨਾ ਕਰੋ, ਤਾਂ ਜੋ ਅਜਿਹੀ ਧੋਖਾਧੜੀ ਨੂੰ ਠੱਲ ਪਾਈ ਜਾ ਸਕੇ।"


ਬਰਾੜ ਗਰਾਜ ਡੋਰ



ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers




We Install
Garage Door Openers

• ਕਾਲ ਕਰੋ: 416-357-4082 •



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



ੴ ਸ਼ਹੀਦੀ ਸਮਾਗਮ ੴ

ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਦਸਵੀਂ ਪਾਤਿਸਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮਾਛੀਵਾੜਾ ਸਾਹਿਬ ਦੀ ਧਰਤੀ'ਤੇ ਪਹੁੰਚਣ ਤੇ ਉਹਨਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਜੀ ਅਤੇ ਸਭਾ ਵਿੱਚ ਸ਼ਹੀਦ ਹੋਏ ਸਾਰੇ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 23 ਦਸੰਬਰ ਦਿਨ ਸੋਮਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਹਨਾਂ ਦੇ ਭੋਗ 25 ਦਸੰਬਰ ਦਿਨ ਬੁੱਧਵਾਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤਾਂ ਨੂੰ ਬੇਨਤੀ ਹੈ ਕਿ ਤਿੰਨ ਦਿਨ ਗੁਰੂ ਘਰ ਦੀਆਂ ਹਾਜਰੀਆਂ ਭਰ ਕੇ ਆਪਣਾ ਜੀਵਨ ਸਫਲਾ ਕਰੋ ਜੀ।

ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਉੱਪਲ- 647-207-1887, ਸਤਪਾਲ ਸਿੰਘ ਗਰੇਵਾਲ ਨੂੰ 519-405-0075, ਜਸਵੰਤ ਸਿੰਘ ਰਜ਼ੂਲ 647-207-1887, ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 905-458-6446 ਨੂੰ ਸੰਪਰਕ ਕਰੋ ਜੀ।



KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20
Etobicoke ON, M9V 3Y6



# ਸੰਪਾਦਕੀ

## ਦੁਖਾਂਤ – ਆਸਾਂ ਦੇ ਬੋਝ ਦਾ

ਪਰਵਾਸ ਕਰਨਾ ਆਦਿ ਕਾਲ ਤੋਂ ਮਨੁੱਖੀ ਰੁਝਾਨ ਰਿਹਾ ਹੈ ਅਤੇ ਇਤਿਹਾਸ ਦੇ ਵੱਖੋ ਵੱਖਰੇ ਸਮਿਆਂ ਉੱਤੇ ਪਰਵਾਸ ਦੇ ਕਾਰਣ ਵੱਖੋ ਵੱਖਰੇ ਕਾਰਣ ਰਹੇ ਹਨ। ਕੋਈ ਬਾਬਾ ਨਾਨਕ ਹੁੰਦਾ ਹੈ ਜੋ ਲੋਕਾਈ ਦੇ ਦਰਦ ਨੂੰ ਹਰਨ ਵਾਸਤੇ ਖੁਦ ਦੇ ਪਿਆਰਿਆਂ ਨੂੰ ਛੱਡ ਜਗਤ ਗਾਹੁਣ ਤੁਰ ਪੈਂਦਾ ਹੈ। ਕਈ ਸਿਕੰਦਰ, ਬਾਬਰ, ਗਜ਼ਨੀ ਜਾਂ ਨੈਪੋਲੀਅਨ ਵਰਗੇ ਹੁੰਦੇ ਹਨ ਜੋ ਜਗਤ ਨੂੰ ਆਪਣੇ ਕਬਜ਼ੇ ਵਿੱਚ ਕਰਨ ਦੀ ਭਾਵਨਾ ਨਾਲ ਘਰ ਬਾਰ ਛੱਡ ਫੌਜਾਂ ਦੇ ਵੱਗ ਲੈ ਸੰਸਾਰ ਜਿੱਤਣ ਤੁਰ ਪੈਂਦੇ ਹਨ। ਘਰ ਦੀ ਗੁਰਬਤ ਨੂੰ ਦੂਰ ਕਰਨ ਲਈ ਪਰਦੇਸਾਂ ਵਿੱਚ ਮਿਹਨਤ ਕਰਨ ਜਾਣਾ ਜਾਂ ਦੇਸ਼ ਵਿੱਚ ਫੈਲੀ ਅਰਾਜਕਤਾ/ਹਿੰਸਾ ਕਾਰਣ ਪਰਿਵਾਰ/ਬੱਚਿਆਂ ਨੂੰ ਜੀਅ-ਘਾਤ ਤੋਂ ਬਚਾਉਣ ਲਈ ਅਣਦੇਖੇ ਵਤਨਾਂ ਨੂੰ ਸਦਾ ਲਈ ਤੁਰ ਜਾਣਾ ਵੀ ਅਣਜਾਣਾ ਵਰਤਾਰਾ ਨਹੀਂ ਹੈ। ਪਰ ਅੱਜ ਕੱਲ ਇੱਕ ਹੋਰ ਵਰਤਾਰਾ ਦੇਖਣ ਨੂੰ ਮਿਲ ਰਿਹਾ ਹੈ- ਪਰਿਵਾਰਾਂ ਦਾ ਆਪਣੇ ਸੁਫਨਿਆਂ ਨੂੰ ਪੂਰੇ ਕਰਨ ਲਈ ਆਪਣੇ ਪਿਆਰਿਆਂ ਨੂੰ ਪਰਦੇਸ ਭੇਜਣਾ ਚਾਹੇ ਉਸਦੀ ਕੋਈ ਵੀ ਕੀਮਤ ਕਿਉਂ ਨਾ ਚੁਕਾਉਣੀ ਪਵੇ।

ਦੋ ਦਿਨ ਪਹਿਲਾਂ ਮਿਸੀਸਾਗਾ ਵਿੱਚ ਲੇਕ ਉਂਟੇਰੀਓ ਦੇ ਪੋਰਟ ਕਰੈਡਿਟ ਇਲਾਕੇ ਵਿੱਚੋਂ 21 ਸਾਲਾ ਪੰਜਾਬੀ ਮੁਟਿਆਰ ਦੀ ਲਾਸ਼ ਮਿਲੀ ਹੈ। ਗੁਰਦਾਸਪੁਰ ਜਿਲੇ ਨਾਲ ਸਬੰਧਿਤ ਦੱਸੀ ਜਾਂਦੀ ਇਸ ਲੜਕੀ ਦੇ ਜੀਵਨ-ਮੌਤ ਬਾਰੇ ਪੁਲੀਸ ਦੇ ਹਵਾਲੇ ਨਾਲ ਮੀਡੀਆ ਵਿੱਚ ਨਸ਼ਰ ਮੱਧਮ ਜਿਹੇ ਵੇਰਵਿਆਂ ਤੋਂ ਬਿਨਾ ਬਹੁਤੀ ਜਾਣਕਾਰੀ ਨਹੀਂ ਮਿਲੀ ਹੈ। ਚੰਦ ਦਿਨ ਪਹਿਲਾਂ ਬਰੈਂਪਟਨ ਵਿੱਚ ਇੱਕ 35 ਸਾਲਾ ਪੰਜਾਬੀ ਆਦਮੀ ਵੱਲੋਂ ਆਪਣੀ 27 ਸਾਲਾ ਸਾਬਕਾ ਪਰੇਮਿਕਾ ਦਾ ਕਤਲ ਕਰਕੇ ਖੁਦਕਸ਼ੀ ਕਰਨ ਦੀ ਘਟਨਾ ਵਾਪਰ ਕੇ ਹਟੀ ਹੈ। ਵੈਨਕੂਵਰ ਵਿੱਚ ਵੀ ਇੱਕ ਲੜਕੇ ਵੱਲੋਂ ਲੜਕੀ ਨੂੰ ਮਾਰ ਕੇ ਖੁਦ ਦੀ ਜਾਨ ਲੈਣ ਦੀ ਖ਼ਬਰ ਕਈ ਦਿਨ ਚਰਚਾ ਦਾ ਵਿਸ਼ਾ ਬਣੀ ਰਹੀ। ਪਟਿਆਲੇ ਦੇ 23 ਸਾਲਾ ਹਰਮਨਦੀਪ ਸਿੰਘ ਭਿੰਡਰ ਵੱਲੋਂ ਦੋ-ਤਿੰਨ ਮਹੀਨੇ ਪਹਿਲਾਂ ਉਂਟੇਰੀਓ ਦੇ ਨਿਊ ਹੈਮਬਰਗ ਸ਼ਹਿਰ ਕੋਲ ਦਰਿਆ ਵਿੱਚ ਕੁੱਦ ਕੇ ਜਾਨ ਦੇ ਦਿੱਤੀ ਗਈ ਸੀ।

ਅਖ਼ਬਾਰਾਂ ਵਿੱਚ ਆਈਆਂ ਖ਼ਬਰਾਂ ਸਮਾਜ ਵਿੱਚ ਪਾਏ ਜਾਂਦੇ ਕਿਸੇ ਵਰਤਾਰੇ ਬਾਰੇ ਬੱਸ ਐਨਾ ਕੁ ਹੀ ਸੱਚ ਦੱਸਿਆ ਕਰਦੀਆਂ ਹਨ ਜਿੰਨਾ ਕੁ ਸੱਚ ਸਤਹੀ ਪੱਧਰ ਉੱਤੇ ਵਿਖਾਈ ਦੇਂਦਾ ਹੁੰਦਾ ਹੈ, ਪਰ ਹਕੀਕਤ ਕਿਤੇ ਗਹਿਰ ਗੰਭੀਰ ਹੁੰਦੀ ਹੈ। ਅੱਜ ਦਾ ਕੌੜਾ ਸੱਚ ਇਹ ਹੈ ਕਿ ਵੱਡੀ ਗਿਣਤੀ ਵਿੱਚ ਅੰਤਰਰਾਸ਼ਟਰੀ ਵਿੱਦਿਆਰਥੀਆਂ ਵਜੋਂ ਆਉਣ ਵਾਲੇ, ਵਿਜ਼ਟਰ ਵੀਜ਼ੇ ਉੱਤੇ ਆ ਕੇ ਜੁਗਾੜ ਰਾਹੀਂ ਵਰਕ-ਪਰਮਿਟ ਜ਼ਰੀਏ ਕੈਨੇਡੀਅਨ ਬਣਨ ਦੇ ਚਾਹਵਾਨ, ਵਿਆਹਾਂ ਸ਼ਾਦੀਆਂ, ਐਕਸਪ੍ਰੈਸ ਐਂਟਰੀ ਦੀਆਂ ਧਾਂਦਲੀਆਂ ਜਾਂ ਹੋਰ ਜੁਗਾੜਾਂ ਰਾਹੀਂ ਕੈਨੇਡਾ ਦੇ 'ਪੱਕੇ ਵਸਨੀਕ' ਬਣਨ ਦੀ ਯਾਤਰਾ ਉੱਤੇ ਤੁਰੇ ਹਜ਼ਾਰਾਂ ਲੋਕ ਖਾਸ ਕਰਕੇ ਪੰਜਾਬੀ ਨੌਜਵਾਨ ਅਸਲ ਵਿੱਚ ਹੋਰ ਕੁੱਝ ਨਹੀਂ ਬਲਕਿ ਮਾਨਸਿਕ ਪਰੇਸ਼ਾਨੀ ਹੰਢਾਉਣ ਦੇ ਸਫ਼ਰ ਉੱਤੇ ਪਏ ਹੋਏ ਹਨ। ਕੈਨੇਡਾ ਵਿੱਚ ਹਰ ਪੰਜਵੇਂ ਵਿਅਕਤੀ ਨੂੰ ਮਾਨਸਿਕ ਪਰੇਸ਼ਾਨੀ ਹੋਣ ਦੀਆਂ ਅਲਾਮਤਾਂ ਹਨ। ਹੁਣ ਸੋਚਿਆ ਜਾ ਸਕਦਾ ਹੈ ਕਿ ਹਰ ਹੀਲੇ ਪਰਵਾਸੀ ਤੋਂ ਪੱਕੇ ਵਸਨੀਕ ਬਣਨ ਦੀ ਲਾਲਸਾ ਲੈ ਕੇ ਦਿਨ ਰਾਤ ਜੁਗਾੜਾਂ ਦੀ ਦੁਨੀਆ ਵਿੱਚ ਵਿਚਰ ਰਹਿਆਂ ਦੀ ਮਾਨਸਿਕ ਸਿਹਤ ਬਾਰੇ ਜਾਨਣ ਦਾ ਕਿਸੇ ਸਰਕਾਰ ਜਾਂ ਸੰਸਥਾ ਕੋਲ ਕਿੱਥੇ ਵਕਤ ਹੈ?

ਉੱਪਰ ਬਿਆਨ ਕੀਤੇ ਗਏ ਲੋਕਾਂ ਦਾ ਹਾਲ ਤਾਂ ਰਿਫਿਊਜੀ ਕਲੇਮ ਕਰਨ ਵਾਲਿਆਂ ਤੋਂ ਵੀ ਮਾੜਾ ਹੈ ਕਿਉਂਕਿ ਰਿਫਿਊਜੀ ਕਲੇਮ ਕਰਨ ਵਾਲਿਆਂ ਨੂੰ ਮਾਨਸਿਕ ਸਹਾਰਾ ਦੇਣ ਲਈ ਫੈਡਰਲ ਸਰਕਾਰ ਦੇ ਪ੍ਰੋਗਰਾਮ ਹਨ ਜਿਸ ਤਹਿਤ ਉਹਨਾਂ ਨੂੰ 20 ਤੱਕ ਫਰੀ ਕਾਉਂਸਲਿੰਗ ਸੈਸ਼ਨ ਪ੍ਰਾਪਤ ਹੋ ਜਾਂਦੇ ਹਨ। ਦੱਸਿਆ ਜਾਂਦਾ ਹੈ ਕਿ ਰਿਫਿਊਜੀ ਕਲੇਮ ਕਰਨ ਵਾਲਿਆਂ ਨੂੰ ਫਰੀ ਸੈਸ਼ਨ ਦੇਣ ਵਾਲਿਆਂ ਕੋਲ ਐਨੇ ਕੁ ਪੈਸੇ ਪੁੱਜੇ ਹੋਏ ਹਨ ਕਿ ਉਹ ਆਪਣੀਆਂ ਮੁਫ਼ਤ ਸੇਵਾਵਾਂ ਦੇਣ ਲਈ ਸ਼ਹਿਰਾਂ ਕਸਬਿਆਂ ਦੇ ਗੇੜੇ ਕੱਢ ਰਹੇ ਹਨ। ਦੂਜੇ ਪਾਸੇ ਹਜ਼ਾਰਾਂ-ਲੱਖਾਂ ਡਾਲਰ ਫੀਸਾਂ ਭਰ ਕੇ ਆਉਣ ਵਾਲੇ ਵਿੱਦਿਆਰਥੀਆਂ ਅਤੇ ਹੋਰਾਂ ਲਈ ਕਿਸੇ ਨਾਲ ਦਿਲ ਦੀ ਗੱਲ ਸਾਂਝੀ ਕਰਨ ਵਾਸਤੇ ਕੋਈ ਢੁਕਾਅ ਨਹੀਂ ਢੁਕਦਾ।

ਵਰਤਮਾਨ ਵਿੱਚ ਚੱਲ ਰਹੇ ਪਰਵਾਸ ਦੇ ਰੁਝਾਨ ਦਾ ਸੱਭ ਤੋਂ ਵੱਡਾ ਦੁਖਾਂਤ ਇਹ ਹੈ ਕਿ ਜ਼ਿਆਦਾਤਰ ਨੌਜਵਾਨ ਆਪਣੇ ਮਾਪਿਆਂ ਅਤੇ ਸਮਾਜ ਦੀਆਂ ਆਸਾਂ ਦਾ ਬੋਝ ਮੋਢਿਆਂ ਉੱਤੇ ਚੁੱਕ ਕੇ ਕੈਨੇਡਾ ਆ ਰਹੇ ਹਨ। ਉਹਨਾਂ ਕੋਲ ਇਹ ਗੁੰਜਾਇਸ਼ ਹੀ ਨਹੀਂ ਕਿ ਉਹ ਜੀਵਨ ਵਿੱਚ ਅਸਫ਼ਲ ਫੇਲ੍ਹ ਹੋਣ ਦਾ ਵਿਕਲਪ ਸਾਹਮਣੇ ਰੱਖ ਸੱਕਣ ਜਦੋਂ ਕਿ ਮਨੁੱਖੀ ਜੀਵਨ ਸਦਾ ਹੀ ਉਤਰਾਵਾਂ ਚੜਾਵਾਂ ਦਾ ਖੇਡ ਮੇਲਾ ਹੈ। ਸੁਦ੍ਰਿੜ ਪਰਿਵਾਰ ਅਤੇ ਸੁਸੰਗਠਿਤ ਸਮਾਜ ਦੇ ਸਹਾਰੇ ਮਨੁੱਖ ਜੀਵਨ ਦੀ ਉਤਰਾਵਾਂ ਚੜਾਵਾਂ ਭਰੀ ਯਾਤਰਾ ਨੂੰ ਸਹਿਜੇ ਪੂਰਾ ਕਰ ਲੈਂਦਾ ਹੈ, ਪਰ ਸਿਰਫ਼ ਅਤੇ ਸਿਰਫ਼ ਆਰਥਕਤਾ ਦੀਆਂ ਲੋੜਾਂ ਗਰਜ਼ਾਂ ਨਾਲ ਬਣਾਏ ਰਿਸ਼ਤੇ ਕਿੱਥੇ ਤੱਕ ਸਾਥ ਦੇਂਦੇ ਹਨ। ਮਾਨਸਿਕ ਪਰੇਸ਼ਾਨੀ ਇੱਕ ਯੁੱਗ ਪਲਟਾਊ ਦੈਂਤ ਦਾ ਰੂਪ ਧਾਰਨ ਕਰਕੇ ਜੜਾਂ ਨਾਲੋਂ ਟੁੱਟੇ ਪਰਦੇਸੀਆਂ ਦੇ ਗਲ ਦਾ ਹਾਰ ਬਣ ਚੁੱਕੀ ਹੈ ਜਿਸ ਬਾਰੇ ਨਾ ਪਿਛਲਿਆਂ ਨੂੰ ਫਿਕਰ ਹੈ ਅਤੇ ਨਾ ਹੀ ਕੈਨੇਡਾ ਦੇ ਜਨਤੰਤਰ ਵਿੱਚ ਕਿਸੇ ਕੋਲ ਇਸ ਮਹਾਂਮਾਰੀ ਬਾਰੇ ਸੋਚ ਵਿਚਾਰ ਕਰਨ ਦਾ ਸਮਾਂ ਹੈ।

## ਸ਼ਾਮਲਾਟ ਦੀਆਂ ਜ਼ਮੀਨਾਂ ਬਚਾਉਣ ਲਈ ਰਾਜਪਾਲ ਨੂੰ ਮਿਲਿਆ 'ਆਪ' ਦਾ ਵਫ਼ਦ

### *ਪੰਚਾਇਤੀ ਜ਼ਮੀਨਾਂ ਲੁੱਟਣ ਨਹੀਂ ਹੋਣ ਦੇਵਾਂਗੇ: ਹਰਪਾਲ ਚੀਮਾ



ਚੰਡੀਗੜ੍ਹ, 17 ਦਸੰਬਰ (ਪੋਸਟ ਬਿਊਰੋ)- ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਇੱਕ ਵਫ਼ਦ ਨੇ ਪੰਜਾਬ ਦੇ ਰਾਜਪਾਲ ਵੀ.ਪੀ. ਸਿੰਘ ਬਦਨੌਰ ਨੂੰ 2 ਮੰਗ ਪੱਤਰ ਦੇ ਕੇ ਪੰਚਾਇਤਾਂ ਦੀਆਂ ਸਾਂਝੀਆਂ ਜ਼ਮੀਨਾਂ (ਸ਼ਾਮਲਾਟ) ਨੂੰ ਸਨਅਤੀ ਯੂਨਿਟਾਂ ਲਈ ਲੈਣ ਬਾਰੇ ਕੈਪਟਨ ਅਮਰਿੰਦਰ ਸਿੰਘ ਸਰਕਾਰ ਵੱਲੋਂ ਲਏ ਗਏ ਤੁਗ਼ਲਕੀ ਫ਼ੈਸਲੇ ਨੂੰ ਰੱਦ ਕਰਨ ਦੀ ਮੰਗ ਕੀਤੀ। ਜਦਕਿ ਦੂਸਰੇ ਮੰਗ ਪੱਤਰ ਰਾਹੀਂ ਸਿੱਖਿਆ ਮੰਤਰੀ ਵਿਜੈਇੰਦਰ ਸਿੰਗਲਾ ਨੂੰ ਮੰਤਰੀ ਮੰਡਲ 'ਚੋਂ ਬਰਖ਼ਾਸਤ ਕਰਨ ਦੀ ਜ਼ੋਰਦਾਰ ਮੰਗ ਰੱਖੀ।

ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਰਾਜਪਾਲ ਨੂੰ ਮਿਲੇ ਇਸ ਵਫ਼ਦ 'ਚ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ, ਵਿਧਾਇਕ ਰੁਪਿੰਦਰ ਕੌਰ ਰੂਬੀ, ਵਿਧਾਇਕ ਜੈ ਕ੍ਰਿਸ਼ਨ ਸਿੰਘ ਰੋੜੀ, ਵਿਧਾਇਕ ਮਨਜੀਤ ਸਿੰਘ ਬਿਲਾਸਪੁਰ, ਹਰਚੰਦ ਸਿੰਘ ਬਰਸਟ, ਸੁਖਵਿੰਦਰ ਪਾਲ ਸਿੰਘ (ਸੁੱਖੀ), ਬਲਜਿੰਦਰ ਸਿੰਘ ਚੌਂਦਾ, ਨੀਨਾ ਮਿੱਤਲ, ਗੋਵਿੰਦਰ ਮਿੱਤਲ, ਇਕਬਾਲ ਸਿੰਘ, ਪ੍ਰਭਜੋਤ ਕੌਰ, ਮਨਜੀਤ ਸਿੰਘ ਸਿੱਧੂ ਸ਼ਾਮਲ ਸਨ।

'ਆਪ' ਮੁਤਾਬਿਕ ਪੰਜਾਬ ਮੰਤਰੀ ਮੰਡਲ ਨੇ 'ਦਾ ਪੰਜਾਬ ਵਿਲੇਜ਼ ਕਾਮਨ ਲੈਂਡਜ਼' (ਰੈਗੂਲੇਸ਼ਨ) ਰੂਲਜ਼ 1964 ਵਿਚ ਸੋਧ ਕਰਕੇ ਸ਼ਾਮਲਾਟ ਜ਼ਮੀਨ ਪੰਚਾਇਤਾਂ ਦੇ ਨਾਮ ਤੋਂ ਉਦਯੋਗ ਵਿਭਾਗ ਅਤੇ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ (ਪੀਐਸਆਈਈਸੀ) ਦੇ ਨਾਮ ਕਰਨ ਦਾ ਕਾਨੂੰਨੀ ਰਾਹ ਸਾਫ਼ ਕਰ ਦਿੱਤਾ ਹੈ। ਪੰਜਾਬ 'ਚ 1 ਲੱਖ 35 ਹਜ਼ਾਰ ਏਕੜ ਦੇ ਲਗਭਗ ਹਰ ਸਾਲ ਬੋਲੀ 'ਤੇ ਚੜ੍ਹਾਈ ਜਾਂਦੀ ਆਪਣੀ ਜ਼ਮੀਨ ਤੋਂ ਪੰਚਾਇਤਾਂ ਵਾਂਝੀਆਂ ਹੋ ਜਾਣਗੀਆਂ। ਗ੍ਰਾਮੀਣ ਉਦਯੋਗਿਕ ਵਿਕਾਸ ਦੇ ਨਾਮ 'ਤੇ ਲਏ ਜਾ ਰਹੇ ਇਸ ਫ਼ੈਸਲੇ ਦੇ ਸਿੱਟੇ ਅਸਲ 'ਚ ਭਿਆਨਕ ਸਾਬਤ ਹੋਣਗੇ।

'ਆਪ' ਦੇ ਵਫ਼ਦ ਨੇ ਦੱਸਿਆ ਕਿ ਫ਼ੈਸਲੇ ਮੁਤਾਬਿਕ ਪੰਚਾਇਤਾਂ ਆਪਣੀ ਜ਼ਮੀਨ ਪੀਐਸਆਈਈਸੀ ਨੂੰ ਵੇਚਣ ਲਈ ਮਤੇ ਪਾਉਣਗੀਆਂ ਅਤੇ ਸਰਕਾਰ ਦੀ ਮਨਜ਼ੂਰੀ ਪਿੱਛੋਂ ਇਹ ਜ਼ਮੀਨਾਂ ਅੱਗੇ ਵੇਚੀਆਂ ਜਾਣਗੀਆਂ, ਪਰੰਤੂ ਪੀਐਸਆਈਈਸੀ ਪੰਚਾਇਤਾਂ ਨੂੰ ਪੂਰਾ ਪੈਸਾ ਨਹੀਂ ਦੇਵੇਗੀ। ਸਰਕਾਰ ਦੀ ਨੀਅਤ ਅਤੇ ਨੀਤੀ 'ਤੇ ਇਹ ਨੁਕਤਾ ਗੰਭੀਰ ਸਵਾਲ ਖੜ੍ਹਾ ਕਰਦਾ ਹੈ, ਕਿ ਕੀ ਸਰਕਾਰ ਸੱਚਮੁੱਚ ਗ੍ਰਾਮੀਣ ਉਦਯੋਗ ਨੂੰ ਹੁਲਾਰਾ ਦੇਣ ਲਈ ਸੁਹਿਰਦ ਹੈ ਜਾਂ ਫਿਰ ਵਿੱਤੀ ਐਮਰਜੈਂਸੀ 'ਚ ਜਾਣ ਕਾਰਨ ਪੰਚਾਇਤੀ ਜ਼ਮੀਨਾਂ ਦੀ ਵੇਚ-ਵੱਟ ਕਰਕੇ ਕੁੱਝ ਸਮਾਂ ਆਪਣਾ ਹੋਰ ਵਿੱਤੀ ਬੁੱਤਾ ਮਾਰਨਾ (ਟਾਈਮ ਪਾਸ) ਚਾਹੁੰਦੀ ਹੈ? ਕਿਉਂਕਿ ਪੀਐਸਆਈਈਸੀ ਸਿਰਫ਼ 25 ਪ੍ਰਤੀਸ਼ਤ ਰਾਸ਼ੀ ਪੰਚਾਇਤਾਂ ਨੂੰ ਅਦਾ ਕਰਕੇ ਜ਼ਮੀਨ ਦੀ 100 ਪ੍ਰਤੀਸ਼ਤ ਮਾਲਕੀਅਤ ਆਪਣੇ ਨਾਮ ਕਰਵਾ ਲਵੇਗੀ, ਬਾਕੀ ਦੀ ਰਕਮ 4 ਬਰਾਬਰ ਦੀਆਂ ਕਿਸ਼ਤਾਂ ਨਾਲ ਬਾਅਦ 'ਚ ਦੇਵੇਗੀ। ਸਿਧਾਂਤਕ ਫ਼ੈਸਲੇ ਮੁਤਾਬਿਕ ਕਿਸ਼ਤਾਂ ਜ਼ਮੀਨ ਦੀ ਖ਼ਰੀਦ ਤੋਂ 2 ਸਾਲ ਬਾਅਦ ਸ਼ੁਰੂ ਹੋਣਗੀਆਂ। ਖ਼ਤਮ ਕਦੋਂ ਹੋਣਗੀਆਂ? ਕੋਈ ਹਵਾਲਾ ਨਹੀਂ।

ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਅਸਲ ਵਿਚ ਇਹ ਪੰਜਾਬ ਦੇ ਲੋਕਾਂ ਅਤੇ ਪਿੰਡਾਂ ਨਾਲ ਕੀਤਾ ਜਾ ਰਿਹਾ ਇੱਕ ਵੱਡਾ ਫਰਜ਼ੀਵਾੜਾ ਹੈ। ਜਿਸ ਦਾ ਸਭ ਤੋਂ ਵੱਧ ਖ਼ਮਿਆਜ਼ਾ ਬੇਜ਼ਮੀਨੇ ਕਿਸਾਨ ਖ਼ਾਸ ਕਰਕੇ ਦਲਿਤ ਵਰਗ ਨੂੰ ਚੁਕਾਉਣਾ ਪਵੇਗਾ, ਜਿੰਨਾ ਲਈ ਵਿਲੇਜ਼ ਕਮਾਨ ਲੈਂਡ ਐਕਟ 1961 ਦੇ ਅਨੁਸਾਰ ਇੱਕ ਤਿਹਾਈ (ਵਨ ਥਰਡ) ਜ਼ਮੀਨ ਰਾਖਵੀਂ ਹੈ।




## ਪ੍ਰਧਾਨ ਮੰਤਰੀ ਆਫਿਸ ਛੱਡ ਕੇ ਜਾ ਰਹੀ ਹੈ ਟਰੂਡੋ ਦੀ ਉੱਘੀ ਕਮਿਊਨਿਕੇਸ਼ਨਜ਼ ਸਟਾਫਰ

...ਪੰਨਾ 1 ਦਾ ਬਾਕੀ

ਸਾਂਭਣ ਜਾ ਰਹੀ ਹੈ। ਇੱਕ ਟਵੀਟ ਵਿੱਚ ਪਰਚੇਜ਼ ਨੇ ਆਖਿਆ ਕਿ ਇਸ ਆਫਿਸ ਨੂੰ ਛੱਡ ਕੇ ਜਾਣ ਦੀ ਉਸ ਨੂੰ ਖੁਸ਼ੀ ਵੀ ਹੋ ਰਹੀ ਹੈ ਤੇ ਗਮ ਵੀ। ਇਹ ਉਸ ਲਈ ਕਾਫੀ ਪ੍ਰੇਰਣਾਦਾਇਕ ਤਜਰਬਾ ਰਿਹਾ।

ਜ਼ਿਕਰਯੋਗ ਹੈ ਕਿ ਪਰਚੇਜ਼ ਕਈ ਸਾਲਾਂ ਤੱਕ ਟਰੂਡੋ ਦੀ ਉੱਘੀ ਕਮਿਊਨਿਕੇਟਰ ਰਹੀ। 2015 ਦੀ ਕੈਂਪੇਨ ਦੌਰਾਨ ਵੀ ਉਹ ਹੀ ਟਰੂਡੋ ਦੀ ਡਾਇਰੈਕਟਰ ਆਫ ਕਮਿਊਨਿਕੇਸ਼ਨਜ਼ ਸੀ ਤੇ ਇਸ ਵਾਰੀ ਵੀ ਉਹੀ ਇਸ ਅਹੁਦੇ ਉੱਤੇ ਕਾਇਮ ਸੀ। ਇਸ ਵਾਰੀ ਫੈਡਰਲ ਚੋਣ ਕੈਂਪੇਨ ਦੌਰਾਨ ਪਰਚੇਜ਼ ਨੂੰ ਨੈਸ਼ਨਲ ਕੈਂਪੇਨ ਲਈ ਚੀਫ ਕਾਂਟੈਂਟ ਸਟਰੈਟੇਜਿਸਟ ਦਾ ਖਿਤਾਬ ਦਿੱਤਾ ਗਿਆ ਸੀ। ਪਿੱਛੇ ਜਿਹੇ ਦਿੱਤੀ ਇੱਕ ਇੰਟਰਵਿਊ ਵਿੱਚ ਟਰੂਡੋ ਨੇ ਇਹ ਆਖਿਆ ਸੀ ਕਿ ਕਮਿਊਨਿਕੇਸ਼ਨਜ਼ ਅਜਿਹਾ ਖੇਤਰ ਹੈ ਜਿੱਥੇ ਉਨ੍ਹਾਂ ਦੀ ਸਰਕਾਰ ਸੁਧਾਰ ਕਰ ਸਕਦੀ ਹੈ।

## ਪ੍ਰਾਪਰਟੀ ਟੈਕਸ ਵਿੱਚ ਵਾਧੇ ਨੂੰ ਟੋਰਾਂਟੋ ਸਿਟੀ ਕਾਉਂਸਲ ਨੇ ਦਿੱਤੀ ਮਨਜ਼ੂਰੀ

...ਪੰਨਾ 1 ਦਾ ਬਾਕੀ

ਕੀਤਾ ਜਾਣਾ ਸੀ ਪਰ ਹੁਣ 2020 ਤੇ 2021 ਵਿੱਚ ਇਨ੍ਹਾਂ ਵਿੱਚ ਇੱਕ ਫੀ ਸਦੀ ਦਾ ਵਾਧਾ ਕੀਤਾ ਜਾਵੇਗਾ ਤੇ 2022, 2023, 2024 ਤੇ 2025 ਵਿੱਚ 1.5 ਫੀ ਸਦੀ ਵਾਧਾ ਕੀਤਾ ਜਾਵੇਗਾ। ਜਿਸ ਨਾਲ ਇਨ੍ਹਾਂ ਦੇ ਪੂਰੀ ਤਰ੍ਹਾਂ ਲਾਗੂ ਹੋਣ ਨਾਲ ਇਹ 10.5 ਫੀ ਸਦੀ ਤੱਕ ਅੱਪੜ ਜਾਣਗੇ।

ਮੰਗਲਵਾਰ ਨੂੰ ਵੋਟ ਕਰਵਾਉਣ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਟੋਰੀ ਨੇ ਆਖਿਆ ਕਿ ਉਨ੍ਹਾਂ ਨੂੰ ਆਸ ਹੈ ਕਿ ਕਾਉਂਸਲਰਜ਼ ਟੈਕਸ ਵਿੱਚ ਇਸ ਵਾਧੇ ਦਾ ਸਮਰਥਨ ਕਰਨ ਦਾ ਹੌਂਸਲਾ ਕਰਨਗੇ ਤੇ ਆਉਣ ਵਾਲੇ ਸਮੇਂ ਵਿੱਚ ਇਸ ਨਾਲ ਫਾਇਦਾ ਹੋਵੇਗਾ। ਟੋਰੀ ਨੇ ਆਖਿਆ ਕਿ ਮੌਜੂਦਾ ਸਿਆਸੀ ਮਾਹੌਲ ਤੋਂ ਇਲਾਵਾ ਆਮਦਨ ਦੇ ਜ਼ਰੀਆਂ ਦੀ ਘਾਟ ਕਾਰਨ ਟਰਾਂਜ਼ਿਟ ਤੇ ਹਾਊਸਿੰਗ ਲਈ ਬਿਲੀਅਨ ਡਾਲਰ ਇੱਕਠੇ ਕਰਨ ਲਈ ਇਹੋ ਇੱਕ ਰਾਹ ਹੈ। ਜ਼ਿਕਰਯੋਗ ਹੈ ਕਿ 2020 ਵਿੱਚ ਟੈਕਸਾਂ ਵਿੱਚ ਇਸ 1.5 ਫੀ ਸਦੀ ਟੈਕਸ ਵਾਧੇ ਨਾਲ ਆਮ ਹੋਮਓਨਰ ਉੱਤੇ 43 ਡਾਲਰ ਦਾ ਹੀ ਬੋਝ ਪਵੇਗਾ, ਹਾਲਾਂਕਿ 2025 ਵਿੱਚ ਇਹ 280 ਡਾਲਰ ਤੱਕ ਵੱਧ ਜਾਵੇਗਾ।

## ਸੁੰਦਰ ਸ਼ਾਮ ਅਰੋੜਾ ਦਾ ਬੈਂਸ ਨੂੰ ਜਵਾਬ, ਕੂੜ ਪ੍ਰਚਾਰ ਫੈਲਾ ਕੇ ਲੋਕਾਂ ਨੂੰ ਗੁੰਮਰਾਹ ਨਾ ਕਰੋ



ਚੰਡੀਗੜ੍ਹ, 17 ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਉਦਯੋਗ ਅਤੇ ਵਣਜ ਮੰਤਰੀ ਸੁੰਦਰ ਸ਼ਾਮ ਅਰੋੜਾ ਨੇ ਅੱਜ ਲੋਕ ਇਨਸਾਫ ਪਾਰਟੀ (ਐਲ.ਆਈ.ਪੀ.) ਦੇ ਮੁਖੀ ਸਿਮਰਜੀਤ ਬੈਂਸ 'ਤੇ ਵਰ੍ਹਦਿਆਂ ਆਖਿਆ ਕਿ ਉਹ ਸਨਅਤੀ ਵਿਕਾਸ ਲਈ ਪੇਂਡੂ ਖੇਤਰਾਂ ਵਿੱਚ ਲੈਂਡ ਬੈਂਕਾਂ ਬਣਾਉਣ ਲਈ ਸੂਬਾ ਸਰਕਾਰ ਦੇ ਫੈਸਲੇ ਵਿਰੁੱਧ ਕੂੜ ਪ੍ਰਚਾਰ ਫੈਲਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਬੈਂਸ 'ਤੇ ਜ਼ੋਰਦਾਰ ਹੱਲਾ ਬੋਲਦਿਆਂ ਉਦਯੋਗ ਮੰਤਰੀ ਨੇ ਸਰਕਾਰ ਵੱਲੋਂ ਪੰਜਾਬ ਵਿਲੇਜ ਕਾਮਨ ਲੈਂਡ (ਰੈਗੂਲੇਸ਼ਨ) ਰੂਲਜ਼, 1964 ਵਿੱਚ ਸੋਧ ਕਰਨ ਦੇ ਕੀਤੇ ਫੈਸਲੇ 'ਤੇ ਗਲਤਫਹਿਮੀ ਪੈਦਾ ਕਰਨ ਲਈ ਉਸ ਨੂੰ ਅਤੇ ਲੋਕ ਇਨਸਾਫ ਪਾਰਟੀ ਨੂੰ ਆੜੇ ਹੱਥੀਂ ਲਿਆ।

ਐਲ.ਆਈ.ਪੀ. ਵੱਲੋਂ ਇਸ ਮੁੱਦੇ 'ਤੇ ਪ੍ਰਦਰਸ਼ਨ ਕਰਨ ਦੀ ਯੋਜਨਾ ਨੂੰ ਸਿਆਸੀ ਸੰਟਟ ਦੱਸਦਿਆਂ ਉਨ੍ਹਾਂ ਕਿਹਾ ਕਿ ਇਸ ਦਾ ਉਦੇਸ਼ ਪੰਜਾਬ ਦੇ ਲੋਕਾਂ ਨੂੰ ਵਰਗਲਾਉਣਾ ਹੈ। ਸ੍ਰੀ ਅਰੋੜਾ ਨੇ ਕਿਹਾ ਕਿ ਲੋਕਾਂ ਨੂੰ ਗੁੰਮ-ਰਾਹ ਕਰਨ ਲਈ ਬੈਂਸ ਪੂਰੀ ਤਰ੍ਹਾਂ ਝੂਠ ਤੇ ਮਨਘੜਤ ਗੱਲਾਂ ਵਿੱਚ ਗਲਤਾਨ ਹਨ। ਉਨ੍ਹਾਂ ਕਿਹਾ ਕਿ ਅਸਲ ਵਿੱਚ ਲੋਕ ਇਨਸਾਫ ਪਾਰਟੀ ਸੂਬੇ ਦੇ ਸਿਆਸੀ ਪਿੜ ਵਿੱਚੋਂ ਪੂਰੀ ਤਰ੍ਹਾਂ ਮਨਫੀ ਹੋ ਗਈ ਹੈ ਜਿਸ ਕਰਕੇ ਉਹ ਆਪਣੇ ਪੈਰ ਜਮਾਉਣ ਲਈ ਅਜਿਹੇ ਢੰਗ-ਤਰੀਕਿਆਂ ਨਾਲ ਹੱਥ-ਪੈਰ ਮਾਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਦਯੋਗ ਮੰਤਰੀ ਨੇ ਕਿਹਾ ਕਿ ਸਕੀਮ ਤਹਿਤ ਪੇਂਡੂ ਲੈਂਡ ਬੈਂਕਾਂ ਕਾਇਮ ਕਰਨਾ ਸਵੈ-ਇਛੁੱਕ ਫੈਸਲਾ ਹੈ ਅਤੇ ਪੰਚਾਇਤਾਂ ਦੀ ਮਰਜ਼ੀ ਨਾਲ ਜੁੜਿਆ ਹੈ ਜਿਸ ਕਰਕੇ ਪੰਚਾਇਤਾਂ ਨੂੰ ਕੋਈ ਵੀ ਜ਼ਮੀਨ ਵੇਚਣ ਲਈ ਮਜਬੂਰ ਨਹੀਂ ਕੀਤਾ ਜਾਵੇਗਾ। ਬੈਂਸ ਦੇ ਝੂਠੇ ਦਾਅਵਿਆਂ ਨੂੰ ਰੱਦ ਕਰਦਿਆਂ ਉਨ੍ਹਾਂ ਕਿਹਾ ਕਿ ਜੇਕਰ ਪੰਚਾਇਤ ਜ਼ਮੀਨ ਵੇਚਣ ਲਈ ਰਾਜ਼ੀ ਹੈ ਤਾਂ ਉਸ ਨੂੰ ਇਸ ਦਾ ਪੂਰਾ ਮੁਆਵਜ਼ਾ ਦਿੱਤਾ ਜਾਵੇਗਾ।

ਸ੍ਰੀ ਅਰੋੜਾ ਨੇ ਅੱਗੇ ਕਿਹਾ ਕਿ ਇਹ ਸਕੀਮ ਸਿਰਫ ਕੁਝ ਇਲਾਕਿਆਂ ਤੱਕ ਹੀ ਸੀਮਿਤ ਹੈ ਅਤੇ ਸਮੁੱਚੇ ਸੂਬੇ ਵਿੱਚ ਅਜਿਹਾ 2-3 ਤੋਂ ਵੱਧ ਜ਼ਮੀਨੀ ਰਕਬਾ ਨਹੀਂ ਹੈ ਅਤੇ ਸਹੀ ਢੰਗ ਨਾਲ ਉਦਯੋਗਿਕ ਪਾਰਕ ਵਿਕਸਤ ਕਰਨ ਲਈ ਇਹ ਜ਼ਮੀਨ ਕਾਫੀ ਹੈ। ਉਨ੍ਹਾਂ ਕਿਹਾ ਕਿ ਜਾਂ ਤਾਂ ਬੈਂਸ ਪੰਜਾਬ ਬਾਰੇ ਬੁਨਿਆਦੀ ਤੱਥਾਂ ਤੋਂ ਅਣਜਾਣ ਹਨ ਜਾਂ ਫਿਰ ਆਪਣੇ ਸਿਆਸੀ ਮੁਫਾਦਾਂ ਖਾਤਰ ਇਨ੍ਹਾਂ ਤੱਥਾਂ ਨੂੰ ਜਾਣਬੁੱਝ ਕੇ ਅੱਖੋਂ-ਪਰੋਖੇ ਕਰ ਰਹੇ ਹਨ।

ਉਦਯੋਗ ਮੰਤਰੀ ਨੇ ਕਿਹਾ ਕਿ ਉਦਯੋਗਿਕ ਵਿਕਾਸ ਸੂਬੇ ਦਾ ਮੁੱਖ ਧੁਰਾ ਹੈ ਅਤੇ ਐਲ.ਆਈ.ਪੀ. ਨੂੰ ਸੂਬੇ ਦੇ ਵਿਕਾਸ ਵਿੱਚ ਕੋਈ ਦਿਲਚਸਪੀ ਨਹੀਂ ਹੈ। ਉਨ੍ਹਾਂ ਕਿਹਾ,"ਪੰਜਾਬ ਨੂੰ ਵਿਕਾਸ ਦੀ ਲੋੜ ਹੈ ਅਤੇ ਸਾਡੇ ਨੌਜਵਾਨਾਂ ਨੂੰ ਨੌਕਰੀਆਂ ਦੀ ਪਰ ਬੈਂਸ ਨੂੰ ਇਸ ਦੀ ਪ੍ਰਵਾਹ ਨਹੀਂ ਸਗੋਂ ਉਹ ਆਪਣੀ ਸਿਆਸੀ ਚੌਧਰ ਜਮਾਉਣ ਵਿੱਚ ਲੱਗੇ ਹੋਏ ਹਨ।" ਉਨ੍ਹਾਂ ਨੇ ਝੂਠੇ ਦਾਅਵੇ ਕਰਕੇ ਲੋਕਾਂ ਨੂੰ ਗੁੰਮਰਾਹ ਕਰਨ ਵਾਲਿਆਂ ਤੋਂ ਚੌਕਸ ਰਹਿਣ ਲਈ ਆਖਿਆ।

ਸ੍ਰੀ ਅਰੋੜਾ ਨੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਸੂਬੇ ਦੇ ਅਰਥਚਾਰੇ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ ਅਤੇ ਘਰ-ਘਰ ਰੋਜ਼ਗਾਰ ਦੇ ਵਾਅਦੇ ਨੂੰ ਪੂਰਾ ਕਰਨ ਨੂੰ ਯਕੀਨੀ ਬਣਾ ਰਹੀ ਹੈ ਜਿਸ ਵਿੱਚ ਉਦਯੋਗਿਕ ਵਿਕਾਸ ਦੀ ਕਾਰਗਰ ਭੂਮਿਕਾ ਹੈ।

ਸ੍ਰੀ ਅਰੋੜਾ ਨੇ ਬੈਂਸ ਨੂੰ ਅਜਿਹਾ ਕੂੜ ਪ੍ਰਚਾਰ ਫੈਲਾਏ ਜਾਣ ਵਿਰੁੱਧ ਤਾੜਨਾ ਕਰਦਿਆਂ ਕਿਹਾ ਕਿ ਲੋਕ ਅਜਿਹੀਆਂ ਸ਼ੋਸ਼ੇਬਾਜ਼ੀਆਂ ਨੂੰ ਮੂੰਹ ਲਾਉਣ ਲਈ ਤਿਆਰ ਨਹੀਂ ਹਨ।

## ਇੰਜੀਨੀਅਰਿੰਗ ਦੇ ਵਿਦਿਆਰਥੀ ਨੇ ਫਾਹਾ ਲੈ ਕੇ ਜਾ ਦਿੱਤੀ

ਸੋਨੀਪਤ, 17 ਦਸੰਬਰ (ਪੋਸਟ ਬਿਊਰੋ)- ਚੌਧਰੀ ਸਰ ਛੋਟੂਰਾਮ ਵਿਗਿਆਨ ਤੇ ਤਕਨੀਕੀ ਯੂਨੀਵਰਸਿਟੀ ਵਿੱਚ ਇੱਕ ਇੰਜੀਨੀਅਰਿੰਗ ਦੇ ਵਿਦਿਆਰਥੀ ਨੇ ਹੋਸਟਲ ਦੇ ਕਮਰੇ ਵਿੱਚ ਫਾਹਾ ਲੈ ਕੇ ਜਾਨ ਦੇ ਦਿੱਤੀ। ਪੁਲਸ ਨੂੰ ਉਸ ਕਮਰੇ 'ਚੋਂ ਸੁਸਾਈਡ ਨੋਟ ਮਿਲਿਆ ਹੈ, ਜਿਸ ਵਿੱਚ ਲਿਖਿਆ ਹੈ, ਮੈਂ ਚੰਗਾ ਬੇਟਾ, ਚੰਗਾ ਭਰਾ ਨਹੀਂ ਬਣ ਸਕਿਆ। ਨਾ ਹੀ ਆਪਣੀ ਪੜ੍ਹਾਈ ਪੂਰੀ ਕਰ ਕੇ ਚੰਗੇ ਨੰਬਰ ਲਿਆ ਸਕਿਆ। ਪਤਾ ਲੱਗਾ ਹੈ ਕਿ ਗੁੜਗਾਓਂ ਦਾ ਰਹਿਣ ਵਾਲਾ 26 ਸਾਲਾ ਵਿਦਿਆਰਥੀ ਅੰਕਿਤ ਨਾਨ ਬੀ ਟੈੱਕ ਕੈਮੀਕਲ ਇੰਜੀਨੀਅਰਿੰਗ ਦੇ ਸੱਤਵੇਂ ਸਮੈਸਟਰ ਵਿੱਚ ਸੀ। ਉਸ ਦੇ ਪਿਤਾ ਦੀ ਮੌਤ ਹੋ ਚੱਕੀ ਸੀ ਤੇ ਉਹ ਹੋਸਟਲ ਵਿੱਚ ਰਹਿੰਦਾ ਸੀ। ਸਵੇਰੇ ਉਸ ਦੇ ਦੋਸਤ ਨੇ ਉਠਾਉਣ ਲਈ ਦਰਵਾਜ਼ਾ ਖੜਕਾਇਆ ਤਾਂ ਕੋਈ ਆਵਾਜ਼ ਨਹੀਂ ਆਈ। ਕੁੰਡੀ ਤੋੜ ਕੇ ਅੰਦਰ ਗਏ ਤਾਂ ਪੱਖੇ ਨਾਲ ਅੰਕਿਤ ਲਟਕਿਆ ਮਿਲਿਆ। ਜਾਂਚ ਅਧਿਕਾਰੀ ਐੱਚ ਸੀ ਕੁਲਦੀਪ ਦੇ ਮੁਤਾਬਕ ਸੁਸਾਈਡ ਨੋਟ ਤੋਂ ਲੱਗਦਾ ਹੈ ਕਿ ਅੰਕਿਤ ਨੇ ਪੜ੍ਹਾਈ ਦੇ ਦਬਾਅ ਕਾਰਨ ਆਤਮ ਹੱਤਿਆ ਕੀਤੀ ਹੈ। ਦੋਸਤਾਂ ਦਾ ਕਹਿਣਾ ਹੈ ਕਿ ਅੰਕਿਤ ਦਾ ਪੇਪਰ ਖਰਾਬ ਹੋਇਆ ਸੀ, ਪਰ ਉਹ ਖੁਸ਼ ਰਹਿੰਦਾ ਸੀ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.
















# ਨਵੀਂ ਜੀਵਨ ਸ਼ੈਲੀ, ਸਾਡੀ ਸਿਹਤ ਨਾਲ ਖਿਲਵਾੜ...

-ਝਰਮਲ ਸਿੰਘ ਝੋਕ ਹਰੀਹਰ

ਇਹ ਲਿਖਦਿਆਂ ਬੜਾ ਦੁੱਖ ਲੱਗਾ ਕਿ ਅਸੀਂ ਆਪਣਾ ਅਮੀਰ ਪੰਜਾਬੀ ਵਿਰਸਾ ਖਤਮ ਕਰ ਚੁੱਕੇ ਹਾਂ। ਅਸੀਂ ਘਰਾਂ 'ਚੋਂ ਆਪਣਾ ਖਾਣਾ, ਪਹਿਰਾਵਾ, ਬੋਲੀ, ਰਹਿਣ ਸਹਿਣ, ਰਿਸ਼ਤੇ ਆਦਿ ਸਭ ਗਵਾ ਬੈਠੇ ਹਾਂ। ਇਸ ਦੀ ਜਗ੍ਹਾ ਤੇਜ਼ੀ ਨਾਲ ਅੰਗਰੇਜ਼ੀ ਸਭਿਆਚਾਰ ਸਾਡੇ 'ਤੇ ਭਾਰੂ ਹੋ ਗਿਆ ਹੈ। ਪੱਥਰ ਅਤੇ ਸ਼ੀਸ਼ੇ ਦੇ ਬੰਦ ਡੱਬਾ ਘਰਾਂ 'ਚ ਆਤਮਾਵਾਂ ਤੜਫਦੀਆਂ ਪਈਆਂ ਹਨ, ਪਰ ਅੱਜ ਕੱਲ੍ਹ ਮਿੱਟੀ ਦੇ ਕੱਚੇ ਕੋਠਿਆਂ ਦੀ ਠੰਢ ਲੱਭਿਆਂ ਨਹੀਂ ਲੱਭਦੀ। ਏ ਸੀ, ਕੂਲਰਾਂ ਦੀ ਨਕਲੀ ਹਵਾ ਵਿੱਚ ਸਰੀਰ ਟੰਢੇ ਪਏ ਹਨ, ਜਦੋਂ ਕਿ ਆਤਮਾਵਾਂ ਦੁਖੀ ਹਨ। ਅੱਗੇ ਲੋਕ ਪੈਰਾਂ ਭਾਰ ਬੈਠਦੇ ਸਨ। ਖੇਤੀ ਤੇ ਘਰਾਂ ਦੇ ਕੰਮ ਹੱਥੀਂ ਖੁਦ ਕਰਦੇ ਸਨ, ਜਿਸ ਕਰ ਕੇ ਪੇਟ ਸਾਫ ਰਹਿੰਦਾ ਸੀ। ਅੱਜਕੱਲ੍ਹ ਸਾਡੇ ਘਰਾਂ 'ਚ ਅੰਗਰੇਜ਼ੀ ਫਲੱਸ਼ਾਂ ਆ ਜਾਣ ਕਰ ਕੇ 99 ਫੀਸਦੀ ਲੋਕਾਂ ਨੂੰ ਕਬਜ਼ ਦੀ ਸਮੱਸਿਆ ਰਹਿੰਦੀ ਹੈ। ਪੇਟ ਸਾਫ ਨਾ ਹੋਣ ਕਰ ਕੇ ਕੰਮ ਵਿੱਚ ਮਨ ਲੱਗਦਾ ਹੀ ਨਹੀਂ। ਇਸੇ ਤਰ੍ਹਾਂ ਸਾਡੇ ਦੰਦ ਅਸਲੀ ਹਨ, ਪਰ ਅਸੀਂ ਬਰੱਸ਼ (ਨਕਲੀ) ਪਲਾਸਟਿਕ ਦਾ ਵਰਤ ਕੇ ਦੰਦ ਖਰਾਬ ਕਰਦੇ ਹਾਂ। ਸਾਡੇ ਮੁਲਕ ਵਿੱਚ ਦੰਦਾਂ ਦੀ ਸਫਾਈ ਲਈ ਬਹੁਤ ਸਾਰੀਆਂ ਦਾਤਣਾਂ ਹਨ, ਪਰ ਅਸੀਂ ਗੋਰਿਆਂ ਦੇ ਮਗਰ ਲੱਗ ਕੇ ਬਰੱਸ਼ ਕਰਨ ਲੱਗ ਗਏ, ਜਦੋਂ ਕਿ ਉਨ੍ਹਾਂ ਦੀ ਮਜਬੂਰੀ ਹੈ ਕਿ ਉਥੇ ਨਿੰਮ, ਕਿੱਕਰ ਆਦਿ ਦਰੱਖਤ ਹੀ ਨਹੀਂ। ਸਾਡੇ ਬੰਦੇ ਅੰਗਰੇਜ਼ ਅਤੇ ਬੀਬੀਆਂ ਮੇਮਾਂ ਬਣ ਬੈਠੀਆਂ ਹਨ। ਪਹਿਲਾਂ ਔਰਤਾਂ ਪੀੜ੍ਹੀ 'ਤੇ ਬੈਠ ਕੇ ਰੋਟੀਆਂ ਲਾਉਂਦੀਆ ਸਨ। ਅਜਕੱਲ੍ਹ ਅੰਗਰੇਜ਼ੀ ਰਸੋਈ 'ਚ ਔਰਤਾਂ ਖੜ੍ਹ ਕੇ ਰੋਟੀਆਂ ਬਣਾ ਕੇ ਮੇਮਾਂ ਬਣਨ ਦੀ ਕੋਸ਼ਿਸ਼ 'ਚ ਹਨ, ਪਰ ਸਾਰਾ ਭਾਰ ਗੋਡਿਆਂ 'ਤੇ ਪੈਣ ਕਰ ਕੇ ਗੋਡੇ ਤੇਜ਼ੀ ਨਾਲ ਖਰਾਬ ਹੋ ਰਹੇ ਹਨ, ਜਿਹਦੇ ਕਰ ਕੇ ਔਰਤਾਂ ਦੇ ਪੇਟ ਪੱਥਰ ਬਣੀ ਜਾ ਰਹੇ ਹਨ, ਕਿਉਂਕਿ ਇਹ ਹਿੱਲਦੇ ਹੀ ਨਹੀਂ, ਜਦ ਕਿ ਬੈਠ ਕੇ ਰੋਟੀ ਬਣਾਉਣ ਨਾਲ ਪੇਟ ਲਚਕੀਲਾ ਤੇ ਨਰਮ ਰਹਿੰਦਾ ਸੀ।

ਅੱਜਕੱਲ੍ਹ ਔਰਤਾਂ ਕਾਹਲੀ ਵਿੱਚ ਡੁੱਬੀਆਂ ਆਪਣੇ ਪਰਵਾਰਾਂ ਨੂੰ ਵੀ ਡੋਬ ਰਹੀਆਂ ਹਨ। ਕੁੱਕਰ ਦੀਆਂ ਸੀਟੀਆਂ 'ਚ ਦਾਲ ਮਿੰਟਾਂ 'ਚ ਕਦੇ ਖਾਣ ਯੋਗ ਨਹੀਂ ਬਣਦੀ। ਦਾਲ ਦੇ ਤਾਂ ਸਿਰਫ ਕੰਢੇ ਹੀ ਘੁਲਦੇ ਹਨ। ਦਾਲ ਕਦੇ ਬਣਦੀ ਨਹੀਂ। ਘਰ ਵਾਲੇ ਕੱਚੀ ਦਾਲ ਖਾ ਕੇ ਵੀ ਪਤਨੀਆਂ ਦੀ ਵਾਹ ਵਾਹ ਕਰ ਰਹੇ ਹਨ, ਸੱਚ ਇਹ ਹੈ ਕਿ ਅਸਲੀ ਦਾਲ ਤਾਂ ਹਾਰੇ (ਭੜੋਲੀ) 'ਚ ਬਾਰ੍ਹਾਂ ਵਜੇ ਕੱਚੀ ਮਿੱਟੀ ਦੀ ਕੁੱਜੀ 'ਚ ਧਰੀ ਸ਼ਾਮੀਂ ਸੱਤ ਵਜੇ ਤੱਕ ਬਣਦੀ ਰਹਿੰਦੀ ਸੀ, ਜਿਹੜੀ ਖੋਆ ਬਣ ਜਾਂਦੀ ਸੀ, ਪਰ ਕਿਹੜਾ ਅੰਗਰੇਜ਼ਣਾਂ ਨੂੰ ਬਦਲੇ? ਅਕਸਰ ਲੋਕ ਕਹਿੰਦੇ ਸੁਣੀਂਦੇ ਹਨ, ਜੋ ਸਾਗ ਤੇ ਕਾੜ੍ਹਣੇ ਵਾਲੀ ਲੱਸੀ ਮੇਰੀ ਮਾਂ ਦੇ ਹੱਥਾਂ ਦੀ ਪੀ ਲਈ, ਬਾਅਦ 'ਚ ਨਸੀਬ ਨਹੀਂ ਹੋਈ। ਜਿਹੜੀ ਚੱਟਣੀ ਜਾਂ ਮਸਾਲੇ ਦਾ ਸਵਾਦ ਕੂੰਡੇ-ਘੋਟਣੇ ਤੋਂ ਆਉਂਦਾ ਉਹ ਸਵਾਦ ਮਿਕਸੀ ਵਿੱਚ ਕਿੱਥੋਂ? ਜਿਹੜਾ ਸਵਾਦ ਚੁੱਲ੍ਹੇ ਦੀ ਅੱਗ 'ਤੇ ਬਣੇ ਸਾਗ ਦਾ ਆਉਂਦਾ, ਉਹ ਸਵਾਦ ਮਿਕਸੀ 'ਚ ਘੋਟੀ ਮਹਿੰਦੀ ਦਾ ਨਹੀਂ ਆਉਂਦਾ। ਗੈਸ ਦੇ ਆਉਣ ਨਾਲ ਘਰਾਂ 'ਚੋਂ ਰੋਟੀ ਦਾ ਰਸ ਖਤਮ ਹੋ ਗਿਆ। ਰੋਟੀ ਉਹ ਜਿਹਦੇ ਨਾਲ ਪੇਟ ਦੀ ਭੁੱਖ ਅਤੇ ਮਨ ਦੀ ਤ੍ਰਿਪਤੀ ਹੋਵੇ। ਰੋਟੀ ਉਹ ਜਿਹੜੀ ਭਾਵੇਂ ਚੱਟਣੀ ਨਾਲ ਮਿਲੇ, ਸਵਾਦ ਹੋਵੇ। ਉਹ ਰੋਟੀ ਚੀਨੀ ਦੀਆਂ ਪਲੇਟਾਂ 'ਚ ਸ਼ਿੰਗਾਰੀ ਰੋਟੀ ਤੋਂ ਕਿਤੇ ਚੰਗੀ।



ਅੱਜ ਦੁੱਧ ਨਕਲੀ ਬਣ ਰਿਹਾ ਹੈ, ਜਿਹੜਾ ਸਾਡੇ ਘਰਾਂ 'ਚ ਆ ਰਿਹਾ ਹੈ, ਜਿਹਨੂੰ ਪੀਣ ਨਾਲ ਸਾਡੇ ਬੱਚਿਆਂ ਦੀਆਂ ਹੱਡੀਆਂ ਨਿਕਲ ਰਹੀਆਂ ਹਨ। ਮਾਸ ਉਪਰੋਂ ਖਤਮ ਹੋ ਗਿਆ ਹੈ। ਇਹ ਬੱਚੇ ਵਿਆਹ ਦੇ ਕਾਬਿਲ ਨਹੀਂ ਰਹੇ। ਬੰਦਿਆਂ ਦੇ ਸ਼ੁਕਰਾਣੂ ਨਿੱਲ ਆ ਰਹੇ ਹਨ। ਸਾਰਾ ਪੰਜਾਬ ਵਿਦੇਸ਼ ਭੱਜ ਚੱਲਿਆ, ਉਹ ਗੋਰਿਆਂ ਦੇ ਗੁਲਾਮ ਬਣਨ, ਜਿਹਨੂੰ ਸ੍ਰ. ਭਗਤ ਸਿੰਘ ਤੇ ਹੋਰਨਾਂ ਯੋਧਿਆਂ ਨੇ ਦੇਸ਼ 'ਚੋਂ ਕੱਢਣ ਲਈ ਕੁਰਬਾਨੀਆਂ ਦਿੱਤੀਆਂ। ਸਾਡੇ ਬੱਚੇ ਆਪਣੇ ਮੁਲਕ ਵਿੱਚ ਦੁੱਧ ਪੈਦਾ ਕਰ ਕੇ ਚੰਗੀ ਕਮਾਈ ਕਰ ਸਕਦੇ ਹਨ, ਪਰ ਅੰਗਰੇਜ਼ੀ ਪੜ੍ਹਾਈ ਨੇ ਸਾਡੇ ਸਰੀਰਾਂ 'ਚੋਂ ਮਿਹਨਤ ਵੀ ਕੱਢ ਲਈ। ਅਸੀਂ ਗੋਰਿਆਂ ਦੀ ਰੀਸ ਕਰ ਕੇ ਬਰਮੁੱਡੇ ਅਤੇ ਜੀਨਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਅਸੀਂ ਬਰਮੁੱਡੇ ਅਤੇ ਟੀ-ਸ਼ਰਟਾਂ ਪਾ ਕੇ ਘਰੇ ਨੰਗ-ਧੜੰਗ ਹੋ ਗਏ। ਉਹ ਬਰਫ ਵਾਲੀ ਠੰਢ ਮੁਲਕ ਦੇ ਲੋਕੀਂ ਵੀ ਅੱਤ ਦੀ ਗਰਮੀ 'ਚ ਉਨ੍ਹਾਂ ਵੱਲ ਵੇਖ ਵੇਖ ਕੇ ਜੀਨਾਂ (ਬੋਰੀਆਂ) ਪਾਉਣੀਆਂ ਸ਼ੁਰੂ ਕਰ ਦਿੱਤੀਆਂ, ਜਿਸ ਕਰ ਕੇ ਬੰਦਿਆਂ 'ਚ ਬੱਚੇ ਪੈਦਾ ਕਰਨ ਦੀ ਸਮਰੱਥਾ ਘੱਟ ਗਈ ਹੈ। ਕਿਉਂਕਿ ਘਿਓ ਵਾਂਗ ਸਰੀਰ ਨੂੰ ਲੱਗਦੀ ਹਵਾ, ਅਸੀਂ ਬੰਦ ਕਰ ਦਿੱਤੀ। ਸਾਨੂੰ ਸਿਆਣੇ ਕੌਣ ਆਖੂ? ਹੋਰ ਤਾਂ ਹੋਰ, ਅੱਜਕੱਲ੍ਹ ਪਿੰਡਾਂ 'ਚ ਜੱਟਾਂ ਦੇ ਮੁੰਡੇ ਏ ਸੀ ਘਰਾਂ 'ਚੋਂ ਉਠ ਕੇ ਸਵੇਰੇ ਏ ਸੀ ਕਾਰਾਂ 'ਚ ਬੈਠ ਕੇ ਏ ਸੀ ਜਿੰਮਾਂ 'ਚ ਜਾ ਕੇ ਸਾਈਕਲ ਚਲਾ ਕੇ ਸਰੀਰ ਗਰਮ ਕਰਦੇ ਹਨ। ਇਨ੍ਹਾਂ ਨਾਲੋਂ ਕੋਈ ਮੂਰਖ ਹੋ ਸਕਦਾ ਹੈ? ਘਰੇ ਦੋ ਮੱਝਾਂ ਗਾਵਾਂ ਰੱਖ ਲਓ। ਸਵੇਰੇ ਸ਼ਾਮ 30 ਮਿੰਟ ਪੱਠੇ ਪਾਉਣ ਨਾਲ ਪਸੀਨਾ ਆ ਜਾਂਦਾ। ਸਵੇਰੇ ਸ਼ਾਮੀ ਚੰਗੀ ਮੱਝ ਦੀ ਧਾਰ ਕੱਢ ਲਓ, ਪਸੀਨਾ ਆ ਜਾਂਦਾ ਹੈ। ਫਿਰ ਕਿਉਂ ਘਰ ਫੂਕਣ ਲੱਗੇ ਹੋ? ਜੇ ਸਰੀਰਕ ਤੰਦਰੁਸਤੀ ਦੀ ਗੱਲ ਕਰੀਏ ਤਾਂ ਪਹਿਲਾਂ ਲੋਕ ਮੰਜਿਆਂ 'ਤੇ ਪੈਂਦੇ ਸਨ। ਸਿਰਫ ਮੱਛਰ ਤੋਂ ਬਚਣ ਲਈ ਪੱਖੇ ਦੀ ਲੋੜ ਜਾਂ ਮੱਛਰਦਾਨੀ ਲਾਉਂਦੇ ਸੀ ਤਾਂ ਲੋਕ ਤਾਜ਼ੀ ਹਵਾ ਵਿੱਚ ਸੌਂਦੇ। ਤਾਜ਼ੀ ਹਵਾ ਸਰੀਰ ਨੂੰ ਤਾਜ਼ਾ ਕਰ ਕੇ ਸਵੇਰੇ ਚਾਰ-ਪੰਜ ਵਜੇ ਉਠਾ ਦਿੰਦੀ। ਅੱਜ ਕੱਲ੍ਹ ਲੋਕ ਏ ਸੀ, ਕੂਲਰ ਦੀ ਨਖਿੱਧ ਹਵਾ 'ਚ ਸੌਂਦੇ ਹਨ ਜਿਹੜੀ ਸਾਰਾ ਦਿਨੇ ਦਲਿੱਦਰ ਪਾਈ ਰੱਖਦੀ ਹੈ। ਸਰੀਰ ਸਾਰੀ ਦਿਹਾੜੀ ਗੇਜ਼ ਚੁੱਕਦਾ ਹੀ ਨਹੀਂ। ਰਾਤ ਨੂੰ ਪਹਿਲਾਂ ਲੋਕ ਮੰਜਿਆਂ 'ਤੇ ਸੌਂਦੇ ਸੀ ਤੇ ਸਵੇਰੇ ਕੰਮ 'ਤੇ ਜਾਣ ਲੱਗੇ ਮੰਜੇ ਚੁੱਕ ਦਿਆ ਕਰਦੇ ਸਨ, ਪਰ ਜਦੋਂ ਦੇ ਬੈਡ ਆਏ ਇਹ ਬੰਦਿਆਂ ਨੂੰ ਸਾਰਾ ਦਿਨ ਵਾਜਾਂ ਮਾਰੀ ਜਾਂਦੇ ਹਨ, ਆ ਜਾ... ਪੈ ਜਾ... ਆ ਜਾ... ਪੈ ਜਾ। ਅਸੀਂ ਜਿਸ ਵੀ ਕੰਮ 'ਚ ਅੰਗਰੇਜ਼ਾਂ ਦੀ ਰੀਸ ਕੀਤੀ, ਉਹਦੇ 'ਚ ਨਖਿੱਧ ਹੋ ਗਏ ਹਾਂ। ਬੰਦਿਆਂ ਦੇ ਸਰੀਰ ਨਖਿੱਧ ਹੋ ਰਹੇ ਹਨ।

ਬੰਦਾ ਤੇ ਘੋੜਾ ਹਮੇਸ਼ਾ ਗਰਮ ਰਹਿਣੇ ਚਾਹੀਦੇ ਹਨ। ਬੰਦਿਆਂ ਦੇ ਏ ਸੀ 'ਚ ਪੈਣ ਨਾਲ ਸਰੀਰ ਠੰਢੇ ਪਈ ਜਾ ਰਹੇ ਹਨ। ਏ ਸੀ 'ਚ ਉਨ੍ਹਾਂ ਬੰਦਿਆਂ ਨੂੰ ਪਾਇਆ ਜਾਂਦਾ ਜਿਹੜੇ ਠੰਢੇ ਪੈ ਚੁੱਕੇ ਹੁੰਦੇ ਹਨ। ਭਾਵ ਤੁਸੀਂ ਸਾਰੇ ਸਮਝਦੇ ਹੋ। ਅਸੀਂ ਇੱਕ ਦੂਜੇ ਵੱਲੋਂ ਛੱਡੀ ਗਰਮ ਹਵਾ ਨਾਲ ਸਿਰ ਦਰਦ ਤੇ ਚੱਕਰ ਜਿਹੀਆਂ ਬਿਮਾਰੀਆਂ ਆਪ ਸਹੇੜ ਰਹੇ ਹਾਂ। ਬੱਚਿਆਂ ਦੇ ਅੰਗਰੇਜ਼ੀ ਪੜ੍ਹਨ ਨਾਲ ਉਹ ਕਿਰਤ ਬਿਲਕੁਲ ਭੁੱਲ ਗਏ। ਬੱਚਿਆਂ ਕੋਲ ਕੋਈ ਕੰਮ ਨਾ ਹੋਣ ਕਰ ਕੇ ਉਹ ਖਾਣਾ-ਪੀਣਾ, ਸੌਣਾ ਤੇ ਪੜ੍ਹਨ ਦੁਆਲੇ ਘੁੰਮਦੇ ਹਨ। ਉਨ੍ਹਾਂ ਦੇ ਹੱਡੀਂ ਸਟੈਂਡਰਡ 'ਚ ਡੁੱਬੀਆਂ ਮਾਵਾਂ ਕੰਮ ਪੈਣ ਹੀ ਨਹੀਂ ਦਿੰਦੀਆਂ। ਜਦੋਂ ਉਹ ਜਵਾਨ ਹੁੰਦੇ ਹਨ, ਬਚਪਨ 'ਚ ਹੱਡੀਂ ਕੰਮ ਨਾ ਪੈਣ ਕਰ ਕੇ ਉਹ ਬੇਰੋਜ਼ਗਾਰ ਹੋ ਜਾਂਦੇ ਹਨ। ਉਨ੍ਹਾਂ ਨੂੰ ਕੋਈ ਕੰਮ ਨਹੀਂ ਦਿੰਦਾ। ਜਦੋਂ ਕੰਮ ਦਾ ਸਮਾਂ ਹੁੰਦਾ ਹੈ ਉਦੋਂ ਮਾਵਾਂ ਕਰਨ ਨਹੀਂ ਦਿੰਦੀਆਂ। ਅੰਗਰੇਜ਼ੀ ਪੜ੍ਹਾਈ ਕਰਦੇ ਕਰਦੇ ਉਹ ਘਰ ਫੂਕ ਬਹਿੰਦੇ ਹਨ, ਪਰ ਕਦੇ ਇਨਸਾਨ ਨਹੀਂ ਬਣਦੇ ਬਲਕਿ ਮਾਰਕੀਟਿੰਗ ਮੈਨ ਬਣ ਕੇ ਰਹਿ ਜਾਂਦੇ ਹਨ। ਕੰਮ ਨਾ ਕਰਨ ਕਰ ਕੇ ਸਾਡੀਆਂ ਬੱਚੀਆਂ ਅਤੇ ਔਰਤਾਂ ਵੀ ਬਿਮਾਰੀਆਂ ਦੀਆਂ ਸ਼ਿਕਾਰ ਹਨ।

ਔਰਤਾਂ 'ਚ ਥੱਲੇ ਬੈਠਣ ਤੋਂ ਪ੍ਰਹੇਜ਼ ਕਰਨ ਕਰ ਕੇ ਪੇਟ ਦਾ ਵਧਣਾ ਤੇ ਬਿਮਾਰੀਆਂ ਦਾ ਵਧਣਾ ਲਗਾਤਾਰ ਜਾਰੀ ਹੈ, ਪਰ ਕੋਈ ਧਰਤੀ ਮਾਤਾ ਨਾਲ ਜੁੜਨ ਨੂੰ ਤਿਆਰ ਨਹੀਂ। ਕੋਈ ਵੀ ਹੱਥ ਜਾਂ ਪੈਰ ਨੂੰ ਮਿੱਟੀ ਨਹੀਂ ਲੱਗਣ ਦੇ ਰਿਹਾ। ਸਾਰੇ ਧਰਤੀ ਨਾਲੋਂ ਪੈਰ ਚੁੱਕ ਬੈਠੇ ਹਨ। ਜਿਹਦੇ ਨਾਲ ਸੱਚੀ ਮੁੱਚੀ ਕਿਰਤ ਨਾਲ ਕਮਾਇਆ ਪੈਸਾ ਸਾਰੇ ਦਾ ਸਾਰਾ ਹਸਪਤਾਲਾਂ ਨੂੰ ਜਾ ਰਿਹਾ ਹੈ। ਇਹ ਦੇ ਉਲਟ ਜਦੋਂ ਲੋਕੀਂ ਦੇਸੀ ਖਾਂਦੇ ਅਤੇ ਸਾਦੇ ਰਹਿੰਦੇ ਸਨ, ਤੰਦਰੁਸਤ ਸਨ ਕਿਉਂਕਿ ਦੇਸੀ 'ਚ ਸਵਾਦ ਵੀ ਅਤੇ ਤੰਦਰੁਸਤੀ ਵੀ। ਖਾਣ ਪੀਣ ਤੋਂ ਬਾਅਦ ਜੇ ਤੁਸੀਂ ਜਾਨਵਰਾਂ ਦੀ ਗੱਲ ਕਰੋ ਤਾਂ ਘਰਾਂ 'ਚੋਂ ਜਾਨਵਰ ਤੇਜ਼ੀ ਨਾਲ ਖਤਮ ਹੋ ਰਹੇ ਹਨ ਕਿਉਂਕਿ ਸਾਨੂੰ ਆਪਣੀਆਂ ਸਿਹਤਾਂ, ਖਾਣ ਪੀਣ ਨਾਲੋਂ ਅੰਗਰੇਜ਼, ਅੰਗਰੇਜ਼ਣਾਂ ਬਣਨਾ ਚੰਗਾ ਹੈ। ਜ਼ਿਮੀਂਦਾਰਾਂ ਨੇ ਜਾਨਵਰ ਵੇਚ ਕੇ ਚਿੱਟੇ ਕੁੜਤੇ ਪਜਾਮੇ ਸਵਾ ਲਏ। ਸਾਰੇ ਦੁੱਧ ਨਕਲੀ ਪੀਂਦੇ ਹਨ, ਪਰ ਕੋਈ ਜਾਨਵਰ ਨਹੀਂ ਰੱਖਦਾ। ਸਾਰੇ ਕਹਿੰਦੇ ਕਿਹੜਾ ਕੰਮ ਕਰੇ? ਦੋ ਕਿਲੋ ਦੁੱਧ ਮੁੱਕਦਾ ਨਹੀਂ, ਪਰ ਸੋਚ ਕੇ ਵੇਖੋ ਜਦੋਂ ਸਾਰੇ ਹੀ ਜਾਨਵਰ ਛੱਡੀ ਜਾਂਦੇ ਹਨ ਫਿਰ ਦੁੱਧ ਕਿੱਥੋਂ ਆਊ? ਪੰਜ ਤੋਂ ਛੇ ਹਜ਼ਾਰ ਆਬਾਦੀ ਵਾਲੇ ਪਿੰਡਾਂ 'ਚ ਵੀ ਸਿਰਫ ਚੋਣਵੇਂ ਘਰਾਂ 'ਚ ਜਾਨਵਰ ਰਹਿ ਗਏ। ਬਾਕੀ ਸਭ ਲੀਡਰ ਬਣ ਗਏ। ਪੰਜਾਬ ਦਾ ਕੋਈ ਅਜਿਹਾ ਲੀਡਰ ਨਹੀਂ ਹੋਣਾ, ਜਿਹੜਾ ਕਹਿ ਸਕਦਾ ਹੋਵੇ ਕਿ ਸਾਡੇ ਘਰੇ ਤੌੜੀ 'ਚ ਦਾਲ, ਕਾੜ੍ਹਣੀ 'ਚ ਦੁੱਧ ਅਤੇ ਚਾਟੀ 'ਚ ਲੱਸੀ ਬਣਦੀ ਹੈ। ਇਸੇ ਅੰਗਰੇਜ਼ੀ ਵਰਤਾਰੇ ਕਰ ਕੇ ਘਰਾਂ 'ਚ ਜੋ ਕੰਮ ਕਰਦੀਆਂ ਹਨ, ਉਹ ਚਾਰ-ਪੰਜ ਘਰਾਂ ਦਾ ਕੰਮ ਕਰ ਕੇ ਨਿਰੋਗ ਹਨ। ਸਾਡੇ ਘਰਾਂ ਦੀਆਂ ਵਿਹਲੀਆਂ ਬੀਬੀਆਂ ਬਿਮਾਰ ਹਨ, ਜੋ ਚੰਗੇ ਡਾਕਟਰ ਅਤੇ ਚੰਗੀਆਂ ਦਵਾਈਆਂ ਦੀ ਭਾਲ 'ਚ ਹਨ। ਉਨ੍ਹਾਂ ਨੂੰ ਕਦੇ ਇਹ ਸੋਚ ਨਹੀਂ ਆਉਂਦੀ ਕਿ ਕੰਮ ਸਾਡਾ ਤੇ ਕਰੀ ਬਾਹਰ ਵਾਲੀਆਂ ਜਾਂਦੀਆਂ ਹਨ।

ਆਓ ਆਪਣੇ ਅਮੀਰ ਪੰਜਾਬੀ ਸਭਿਆਚਾਰ 'ਚ ਮੁੜ ਵਾਪਸ ਆਈਏ ਨਹੀਂ ਤਾਂ ਅੱਗੇ ਸਮੁੰਦਰ ਹੈ, ਜਿਹਦੇ 'ਚ ਆਪਾਂ ਸਭਨਾਂ ਨੇ ਡੁੱਬਣਾ। ਜੇ ਨਹੀਂ ਡੁੱਬਣਾ ਚਾਹੁੰਦੇ ਤਾਂ ਕੁਦਰਤ ਦਾ ਪੱਲਾ ਫੜ ਲਓ। ਮੋੜਾ ਪਾ ਲਓ।

# ਖ਼ੂਨ ਵੇਚ ਕੇ ਮਿਲਦੀ ਰੋਟੀ

-ਬਲਦੇਵ ਸਿੰਘ ਸੜਕਨਾਮਾ-

ਕਲਕੱਤੇ (ਕੋਲਕਾਤਾ) ਤੋਂ ਪੰਜਾਬ ਆਇਆਂ ਲਗੱਭਗ ਪੈਂਤੀ ਸਾਲ ਹੋ ਚੁੱਕੇ ਹਨ। ਇਸ ਬਾਰੇ ਜਦੋਂ ਸੋਚਦਾ ਹਾਂ, ਅਜੇ ਕੱਲ੍ਹ ਦੀ ਗੱਲ ਲੱਗਦੀ ਹੈ। ਸਮਾਂ ਕਿੰਨੀ ਤੇਜ਼ੀ ਨਾਲ ਦੌੜ ਰਿਹਾ ਹੈ। ਜ਼ਿੰਦਗੀ ਦੀ ਸਭ ਤੋਂ ਖ਼ੂਬਸੂਰਤ ਉਮਰ ਦੇ ਵਰ੍ਹੇ ਉਨੀ-ਵੀਹ ਸਾਲ ਕਲਕੱਤਾ ਮਹਾਂਨਗਰ ਵਿੱਚ ਗੁਜ਼ਾਰੇ ਹਨ। ਮੇਰੇ ਆਉਣ ਤੋਂ ਬਾਅਦ ਕਲਕੱਤਾ ਨੂੰ ਭਾਵੇਂ ਕੋਲਕਾਤਾ ਪੁਕਾਰਿਆ ਜਾਣ ਲੱਗਾ ਹੈ। ਮੇਰੇ ਜ਼ਿਹਨ ਵਿੱਚ ਉਹੀ ਕਲਕੱਤਾ ਜਿਉਂ ਦਾ ਤਿਉਂ ਹੈ। ਪਿਛਲੇ ਸਾਲਾਂ ਵਿੱਚ ਮੈਂ ਚਾਰ-ਪੰਜ ਵਾਰ ਉਥੇ ਜਾ ਆਇਆ ਹਾਂ। ਉਥੇ ਹੈਰਾਨੀ ਜਨਕ ਤਬਦੀਲੀਆਂ ਹੋਈਆਂ। ਸਭ ਕੁਝ ਮੇਰੇ ਲਈ ਓਪਰਾ ਹੈ। ਦੁਖ ਹੈ, ਮਹਾਂਨਗਰ ਵਿੱਚ ਗ਼ਰੀਬੀ ਦਾ ਪੱਧਰ ਹੋਰ ਹੇਠਾਂ ਆ ਗਿਆ ਹੈ। ਫੁੱਟਪਾਥਾਂ ਉਪਰ ਗੁਜ਼ਾਰਾ ਕਰਨ ਵਾਲਿਆਂ ਦੀ ਭੀੜ ਵਿੱਚ ਵਾਧਾ ਹੋਇਆ ਹੈ। ਵੱਡੇ ਹਸਪਤਾਲਾਂ ਦੇ ਬਾਹਰ ਖ਼ੂਨ ਵੇਚ ਕੇ ਰੋਟੀ ਦਾ ਜੁਗਾੜ ਕਰਨ ਵਾਲਿਆਂ ਦੀਆਂ ਕਤਾਰਾਂ ਹੋਰ ਲੰਮੀਆਂ ਹੋਈਆਂ ਹਨ।

ਪੰਜਾਬ ਦੇ ਇੱਕ ਵੱਡੇ ਸ਼ਹਿਰ ਦੇ ਵੱਡੇ ਹਸਪਤਾਲ ਜਾਣ ਦਾ ਮੌਕਾ ਮਿਲਿਆ। ਮਰੀਜ਼ਾਂ ਨੂੰ ਖ਼ੂਨ ਦੇਣ ਲਈ ਮਰੀਜ਼ ਦੇ ਦੋਸਤ ਜਾਂ ਰਿਸ਼ਤੇਦਾਰ ਹੀ ਅੱਗੇ ਆਉਂਦੇ ਹਨ। ਕੁਝ ਸ਼ਹਿਰਾਂ ਵਿੱਚ ਖ਼ੂਨਦਾਨ ਕਰਨ ਵਾਲੀਆਂ ਕਲੱਬਾਂ ਵੀ ਬਣੀਆਂ ਹੋਈਆਂ ਹਨ। ਅਣਸਰਦੇ ਨੂੰ ਜਦੋਂ ਕੋਈ ਹੋਰ ਚਾਰਾ ਨਾ ਹੋਵੇ, ਖ਼ੂਨ ਬਲੱਡ ਬੈਂਕਾਂ ਤੋਂ ਮੁੱਲ ਲਿਆ ਜਾਂਦਾ ਹੈ।

ਮੈਨੂੰ ਕਲਕੱਤਾ ਯਾਦ ਆ ਗਿਆ ਉਥੇ ਇੱਕ ਵੱਡੇ ਹਸਪਤਾਲ ਵਿੱਚ ਮੇਰਾ ਇੱਕ ਦੋਸਤ ਸਕਿਊਰਿਟੀ ਅਫ਼ਸਰ ਲੱਗਾ ਹੋਇਆ ਸੀ। ਆਪਣੇ ਟਰਾਂਸਪੋਰਟ ਦੇ ਰੁਝੇਵਿਆਂ ਕਾਰਨ ਮੈਂ ਉਸ ਕੋਲ ਘੱਟ-ਵੱਧ ਜਾਂਦਾ ਸਾਂ। ਉਹ ਜਦੋਂ ਮਿਲਦਾ ਉਲਾਂਭੇ ਦਿੰਦਾ। ਇੱਕ ਦਿਨ ਮੈਂ ਉਸ ਨੂੰ ਮਿਲਣ ਦਾ ਉਚੇਰਾ ਪ੍ਰੋਗਰਾਮ ਬਣਾ ਲਿਆ।

ਦੋਸਤ ਦੀ ਟੌਹਰ ਵੇਖਣ ਵਾਲੀ ਸੀ। ਹਸਪਤਾਲ ਦੀ ਨਿੱਜੀ ਯੂਨੀਫਾਰਮ ਵਿੱਚ ਉਹ ਫ਼ੌਜ ਦਾ ਵੱਡਾ ਅਫ਼ਸਰ ਜਾਪਦਾ ਸੀ। ਹਸਪਤਾਲ ਦੇ ਪ੍ਰਵੇਸ਼ ਦੁਆਰ 'ਤੇ ਉਸ ਦਾ ਸ਼ਾਨਦਾਰ ਦਫ਼ਤਰ ਸੀ। ਪੂਰੇ ਹਸਪਤਾਲ ਦਾ ਸਕਿਊਰਿਟੀ ਦਾ ਉਹ ਮੁਖੀ ਸੀ। ਮੈਂ ਗੇਟ ਦੇ ਬਾਹਰ ਬਿਮਾਰ ਜਿਹੇ ਦਿਸਦੇ ਵਿਅਕਤੀਆਂ ਦੀ ਲੱਗੀ ਲੰਮੀ ਕਤਾਰ ਕੋਲੋਂ ਲੰਘ ਕੇ ਆਇਆ ਸਾਂ। ਉਨ੍ਹਾਂ ਦੇ ਚਿਹਰੇ ਪੀਲੇ ਸਨ। ਸਭਨਾਂ ਦੇ ਹੱਥਾਂ ਵਿੱਚ ਕਾਰਡ ਫੜੇ ਹੋਏ ਸਨ।

'ਇਥੇ ਈ ਓ ਪੀ ਡੀ ਖੋਲ੍ਹ ਦਿੱਤੀ ਐਂ?' ਦੁਆ-ਸਲਾਮ ਕਰਨ ਤੋਂ ਬਾਅਦ ਮੈਂ ਹੈਰਾਨ ਹੁੰਦਿਆਂ ਪੁੱਛਿਆ।

'ਇਹ ਸਾਰੇ ਬਲੱਡ ਵੇਚਣ ਵਾਲੇ ਨੇ ਭਾਈ ਜਾਨ।' ਦੋਸਤ ਬੋਲਿਆ।

'ਬਲੱਡ ਵੇਚਣ ਵਾਲੇ?'

'ਕਿਉਂ ਕੀ ਹੋਇਆ?'

'ਇਨ੍ਹਾਂ ਵਿੱਚੋਂ ਜ਼ਿਆਦਾਤਰ ਵਿੱਚ ਤਾਂ ਬਲੱਡ ਦਿਸਦਾ ਨੀਂ, ਵੇਚਣਗੇ ਕੀ?'

ਮੇਰੀ ਗੱਲ 'ਤੇ ਦੋਸਤ ਹੱਸਿਆ, 'ਇਹ ਸਾਰੇ ਪੇਸ਼ੇਵਰ ਖ਼ੂਨ ਵੇਚਣ ਵਾਲੇ ਨੇ। ਹਸਪਤਾਲ ਨੇ ਇਨ੍ਹਾਂ ਨੂੰ ਬਾਕਾਇਦਾ ਕਾਰਡ ਜਾਰੀ ਕੀਤੇ ਹੋਏ ਨੇ। ਏਧਰ ਤੂੰ ਘੱਟ ਆਉਂਦਾ ਹੈ ਨਾ, ਇਸ ਕਰਕੇ ਪਤਾ ਨਹੀਂ ਹੈ ਤੈਨੂੰ। ਐਸੀ ਲਾਈਨ ਤਾਂ ਏਥੇ ਹਰ ਰੋਜ਼ ਲੱਗਦੀ ਐ।'

'ਕਿੰਨਾ ਖ਼ੂਨ ਲੈਂਦੇ ਨੇ ਇੱਕ ਬੰਦੇ ਤੋਂ ਹਸਪਤਾਲ ਵਾਲੇ?'

'ਇੱਕ ਬੋਤਲ ਤੋਂ ਵੱਧ ਨਹੀਂ।'

'ਪੈਸੇ ਕਿੰਨੇ ਦਿੰਦੇ ਨੇ?'

'60-65 ਰੁਪਏ ਮਿਲ ਜਾਂਦੇ ਨੇ।' ਦੋਸਤ ਨੇ ਲਾਪ੍ਰਵਾਹੀ ਜਿਹੀ ਨਾਲ ਦੱਸਿਆ (ਇਸ 1980-81 ਦੀ ਗੱਲ ਹੈ)।

ਮੈਂ ਚਿੰਤਤ ਹੋ ਕੇ ਖਿੜਕੀ ਵਿੱਚੋਂ ਬਾਹਰ ਲੰਮੀ ਕਤਾਰ ਵੱਲ ਤੱਕਿਆ। ਕਿਸੇ ਦੇ ਚਿਹਰੇ ਉਪਰ ਰੌਣਕ ਨਹੀਂ ਸੀ। ਪੀਲੇ ਚਿਹਰੇ, ਬੁਝੀਆਂ ਅੱਖਾਂ, ਕਈਆਂ ਵਿੱਚ ਆਪਣੇ ਚਿਹਰੇ ਉਪਰ ਬੈਠੀਆਂ ਮੱਖੀਆਂ ਉਡਾਉਣ ਦੀ ਹਿੰਮਤ ਨਹੀਂ ਸੀ।

'ਯਾਰ ਹਸਪਤਾਲ ਦੇ ਡਾਕਟਰਾਂ ਨੂੰ ਦਿਸਦਾ ਨਹੀਂ, ਜਿਹੜੇ ਪਹਿਲਾਂ ਹੀ ਬਿਮਾਰ ਨੇ, ਉਹ ਕਿਵੇਂ..।'

ਦੋਸਤ ਨੇ ਟੋਕਿਆ, 'ਸਭ ਚੱਲਦਾ ਹੈ ਏਥੇ।'

'ਹੋ ਸਕਦੈ ਬਹੁਤਿਆਂ ਦੇ ਬਲੱਡ ਵਿੱਚ ਇਨਫੈਕਸ਼ਨ ਹੋਵੇ।' ਮੈਂ ਕਿਹਾ।

'ਹੋਵੇ ਤਾਂ ਕੀ ਹੈ। ਹਸਪਤਾਲ ਦੇ ਪ੍ਰਬੰਧਕਾਂ ਨੂੰ ਸਸਤਾ ਖ਼ੂਨ ਚਾਹੀਦੈ। ਮਰੀਜ਼ਾਂ ਦੇ ਵਾਰਸਾਂ ਵਿੱਚ ਮਹਿੰਗਾ ਖ਼ੂਨ ਮੁੱਲ ਲੈਣ ਦੀ ਸਮਰੱਥਾ ਨਹੀਂ ਹੁੰਦੀ। ਇਹ ਵੀ ਧੰਦਾ ਹੈ। ਪੜ੍ਹੇ-ਲਿਖੇ ਇਹ ਹਨ ਨਹੀਂ। ਮਜ਼ਦੂਰੀ ਕਰਨ ਦੀ ਇਨ੍ਹਾਂ ਵਿੱਚ ਹਿੰਮਤ ਨਹੀਂ ਰਹੀ। ਹਸਪਤਾਲ ਵੱਲੋਂ ਇਨ੍ਹਾਂ ਨੂੰ ਮੁਫ਼ਤ ਗੋਲੀਆਂ ਮਿਲਦੀਆਂ ਹਨ। ਕਹਿੰਦੇ ਨੇ ਇਨ੍ਹਾਂ ਨਾਲ ਛੇਤੀ ਖ਼ੂਨ ਬਣਦਾ ਹੈ।'

ਮੇਰਾ ਦੋਸਤ, ਇਹ ਗੱਲਾਂ ਦੱਸਦਾ ਨਾਲ-ਨਾਲ ਖ਼ੂਨ ਵੇਚਣ ਵਾਲਿਆਂ ਦੇ ਕਾਰਡ ਵੀ ਚੈੱਕ ਕਰਦਿਆਂ ਦੋਸਤ ਨੇ ਉਸ ਨੂੰ ਝਿੜਕਿਆ- 'ਓਏ ਪੂਕੂ, ਤੁਮ ਫਿਰ ਆ ਗਏ ਆਜ?'

'ਸਾਹਬ।' ਪੂਕੂ ਨੇ ਹੱਥ ਜੋੜੇ।

ਮੈਂ ਦੇਖਿਆ, ਉਸ ਦੇ ਹੱਥ ਕੰਬ ਰਹੇ ਸਨ।

'ਅਰੇ ਤੀਨ ਦਿਨ ਤੋਂ ਹੋਏ ਹੈਂ, ਤੁਮ ਖ਼ੂਨ ਦੇਕਰ ਗਿਆ ਥਾ।'

'ਨਹੀਂ ਸਾਹਬ, 15 ਦਿਨ ਹੋ ਗਏ।' ਪੂਕੂ ਗਿੜਗਿੜਾਇਆ।

ਕਾਰਡ ਉਪਰ ਖ਼ੂਨ ਦੇਣ ਦੀ ਤਰੀਕ ਲਿਖੀ ਜਾਂਦੀ ਹੈ। ਸਕਿਊਰਿਟੀ ਅਫ਼ਸਰ ਨੇ ਦੇਖ ਕੇ ਕਿਹਾ, 'ਯੇਹ ਡੇਟ ਕਿਉਂ ਮਿਟਾਈ ਹੈ?'

'ਨਹੀਂ, ਸਾਹਬ।'

'ਝੂਠ ਬੋਲਤੇ ਹੋ, ਕਾਰਡ ਕੈਂਸਲ ਕਰਵਾ ਦੂੰਗਾ।' ਦੋਸਤ ਨੇ ਧਮਕੀ ਦਿੱਤੀ। ਪੂਕੂ ਨੇ ਅਫ਼ਸਰ ਦੇ ਪੈਰ ਫੜ ਲਏ।

'ਬੱਚੇ ਭੂਖੇ ਮਰ ਜਾਏਂਗੇ ਸਾਹਬ, ਜੋ ਪਹਿਲੇ ਖ਼ੂਨ ਦੀਆਂ ਥਾ, ਉਨ ਪੈਸੇ ਸੇ ਘਰਵਾਲੀ ਕੀ ਦਵਾਈ ਲੀ ਹੈ। ਵਹ ਬਿਮਾਰ ਹੈ ਸਾਹਬ। ਘਰ ਮੇਂ ਚਾਵਲ ਨਹੀਂ ਲੇ ਗਿਆ ਤੋਂ..।' ਉਹ ਰੋਣ ਲੱਗਾ।

'ਅਗਰ ਤੁਮ ਮਰ ਗਿਆ, ਫਿਰ ਕੌਨ ਖਿਲਾਏਗਾ, ਬੱਚੋਂ ਕੋ?'

'ਸਾਹਬ ਆਜ ਜਾਨੇ ਦੋ, ਫਿਰ 15 ਦਿਨ ਨਹੀਂ ਆਉਂਗਾ।'

'ਮਰੋ।' ਠੰਢਾ ਸਾਹ ਭਰਦਿਆਂ ਦੋਸਤ ਨੇ ਕਾਰਡ ਪਾਸ ਕਰਕੇ ਉਸ ਨੂੰ ਅੰਦਰ ਜਾਣ ਦਿੱਤਾ।

ਪਤਾ ਨਹੀਂ ਇਸ ਤਰ੍ਹਾਂ ਦੇ ਕਿੰਨੇ ਹੋਰ ਪੂਕੂ ਹੋਣਗੇ ਇਸ ਕਤਾਰ ਵਿੱਚ, ਜਿਨ੍ਹਾਂ ਨੇ ਆਪਣਾ ਖ਼ੂਨ ਵੇਚ ਕੇ ਬੱਚਿਆਂ ਲਈ ਚਾਵਲ ਤੇ ਹੋਰ ਵਸਤਾਂ ਲੈ ਕੇ ਜਾਣੀਆਂ ਹਨ। ਉਨ੍ਹਾਂ ਨੂੰ ਵੇਖ ਕੇ ਲੱਗਦਾ ਸੀ, ਮੁਰਦਿਆਂ ਦੀ ਇੱਕ ਲੰਮੀ ਲਾਈਨ ਖੜ੍ਹੀ ਹੈ ਜਿਹੜੀ ਹੌਲੀ-ਹੌਲੀ ਆਪ ਹੀ ਹਸਪਤਾਲ ਦੀ ਕਬਰ ਵੱਲ ਸਰਕ ਰਹੀ ਹੈ।

ਪਿਛਲੇ ਸਾਲ ਮੈਂ ਕੋਲਕਾਤਾ ਗਿਆ। ਮੇਰਾ ਦੋਸਤ ਇਸ ਦੁਨੀਆਂ 'ਤੇ ਨਹੀਂ ਹੈ। ਉਸ ਹਸਪਤਾਲ ਦੇ ਅੱਗੇ ਦੀ ਲੰਘਣ ਦਾ ਸਬੱਬ ਬਣਿਆ। ਮੇਰੇ ਲਈ ਅਚੰਭੇ ਵਾਲੀ ਗੱਲ ਸੀ, ਪੂਕੂਆਂ ਦੀ ਲੰਮੀ ਕਤਾਰ ਅਜੇ ਵੀ ਉਵੇਂ ਦਿਸੀ। ਅਸੀਂ ਟਾਹਰਾਂ ਮਾਰਦੇ ਹਾਂ, ਪਿਛਲੇ 6-7 ਸਾਲਾਂ ਵਿੱਚ ਜਿੰਨਾ ਵਿਕਾਸ ਹੋਇਆ ਹੈ, ਪਿਛਲੇ 70 ਸਾਲਾਂ ਵਿੱਚ ਨਹੀਂ ਹੋਇਆ। ਸੱਚ ਹੀ ਹੈ, ਬਲਾਤਕਾਰਾਂ ਵਿੱਚ ਲਗਾਤਾਰ ਵਾਧਾ ਹੋਇਆ ਹੈ, ਬਲਾਤਕਾਰ ਕਰਨ ਤੋਂ ਬਾਅਦ ਉਨ੍ਹਾਂ ਨੂੰ ਸਾੜ ਦੇਣ ਦੇ ਰੁਝਾਨ ਨੇ ਵਿਕਾਸ ਕੀਤਾ ਹੈ। ਧੀਆਂ-ਭੈਣਾਂ ਨਾ ਘਰਾਂ 'ਚ ਸੁਰੱਖਿਅਤ ਹਨ, ਨਾ ਬਾਹਰ। ਕਿਸਾਨ ਲਗਾਤਾਰ ਖ਼ੁਦਕੁਸ਼ੀਆਂ ਕਰ ਰਹੇ ਹਨ। ਅਜੇ ਵੀ ਮਨੁੱਖ ਆਪਣਾ ਖ਼ੂਨ ਵੇਚਕੇ ਜਿਉਣ ਦੇ ਉਧਰੇ ਸਾਹ ਮੁੱਲ ਲੈਂਦਾ ਹੈ।

# ਸਰਾਪੀਆਂ ਜੂਹਾਂ

-ਸੁਖਦੇਵ ਸਿੰਘ ਮਾਨ

ਹਵਾ ਰੁਮਕ ਪਈ ਹੈ, ਪਰ ਛੱਤ ਉੱਤੇ ਪਿਆਂ ਵੀ ਨੀਂਦ ਨਹੀਂ ਆ ਰਹੀ। ਧੌਣ ਭੁਆ ਕੇ ਘਰ ਦੇ ਪਾਸੇ ਉਸਰੇ ਢਾਰਿਆਂ ਵੱਲ ਦੇਖਦਾ ਹਾਂ। ਮੇਰੇ ਘਰ ਦੀ ਛੱਤ ਢਾਰਿਆਂ ਨਾਲੋਂ ਥੋੜ੍ਹੀ ਉਚੀ ਹੈ। ਪਾਸੇ ਛੱਜਾ ਬੰਨ੍ਹਿਆ ਹੈ। ਸੁੱਤ ਅਨੀਦੇਂ ਬੰਦਾ ਉਠ ਵੀ ਪਵੇ, ਡਿੱਗਣ ਦਾ ਡਰ ਨਹੀਂ। ਅੱਜ ਮੈਂ ਰੰਮ ਵੀ ਨਹੀਂ ਲਾਈ, ਰੰਮ ਪੀਤਿਆਂ ਵੀ ਜ਼ਿਹਨ ਦੀ ਫਿਰਕੀ ਤੇਜ਼ ਘੁੰਮਣ ਲੱਗ ਪੈਂਦੀ ਹੈ। ਗੰਡਾਸੀ ਜ਼ਰੂਰ ਪਾਵੇ ਨਾਲ ਟਿਕਾਅ ਰੱਖੀ ਹੈ। ਤਾਰਿਆਂ ਨਾਲ ਭਰੀ ਰਾਤ ਨੂੰ ਟਿਕਟਿਕੀ ਲਾਈ ਦੇਖਦਾ ਹਾਂ। ਮਨ ਅੰਦਰ ਉਬਲਦਾ ਭਉਜਲ ਪੂਰੇ ਵੇਗ 'ਤੇ ਹੈ। ਇਸ ਤਣਾਓ ਵਿੱਚ ਨੀਂਦ ਆਉਂਦੀ ਨਹੀਂ।

ਜਦੋਂ ਦਾ ਫੌਜ ਤੋਂ ਸੂਬੇਦਾਰੀ ਪੈਨਸ਼ਨ ਲੈ ਕੇ ਆਇਆ ਹਾਂ, ਉਸ ਤੋਂ ਮਗਰੋਂ ਜਾਪਦਾ ਹੈ, ਜਿਵੇਂ ਸਾਰੇ ਸਮਾਜ ਨਾਲ ਟਕਰਾ ਕੇ ਮੈਂ ਚੀਣਾ-ਚੀਣਾ ਹੋ ਜਾਵਾਂਗਾ। ਸਾਡੇ ਵਿਹੜੇ ਦਾ ਬਿੱਲੂ ਪੰਚ ਕਈ ਵਾਰ ਮੈਨੂੰ ਸਲਾਹ ਦਿੰਦਾ, 'ਬਖਤੌਰ ਸਿਆਂ, ਤੂੰ ਪੜ੍ਹਿਆ ਲਿਖਿਆ ਬੰਦਾ ਏਂ। ਛੱਡ ਪਰਾਂਹ ਇਨ੍ਹਾਂ ਮੂਰਖਾਂ ਨੂੰ। ਸ਼ਹਿਰ ਵਿੱਚ ਕੋਠੀ ਲੈ ਲਾ। ਏਥੇ ਕੋਈ ਸੁਧਾਰ ਨ੍ਹੀਂ ਹੋਣਾ। ਕਿੰਨਿਆਂ ਨਾਲ ਆਪਾਂ ਲੜਦੇ ਫਿਰਾਂਗੇ। ਕੀਹਦੇ-ਕੀਹਦੇ ਨਾਲ ਸਿਰ ਦੀਆਂ ਠੀਕਰੀਆਂ ਕਰਾਂਗੇ। ਇਹ ਤਾਂ ਥਿੰਦੇ ਘੜੇ ਨੇ। ਬੂੰਦ ਪਈ ਤੇ ਤਿਲਕੀ।'

ਬਿੱਲੂ ਆਖਣ ਨੂੰ ਆਖ ਜਾਂਦਾ। ਫੇਰ ਉਸ ਅੰਦਰਲਾ ਮਨੁੱਖ ਮਾੜੀਆਂ ਸੋਚਾਂ ਨੂੰ ਢੁੱਢ ਮਾਰ ਖੋਰ ਕੇ ਸੁੱਟ ਦਿੰਦਾ। ਉਹ ਆਪਣਾ ਮਨ ਬਦਲ ਲੈਂਦਾ, "ਬਖਤੌਰਿਆ, ਊਂ ਯਾਰ ਕਿਹੜਾ ਵਾਰ ਵਾਰ ਜੰਮਣੈ। ਆਪਾਂ ਯਾਰ ਏਸ ਧਰਤੀ ਦੇ ਅਸਲ ਬਾਸ਼ਿੰਦੇ ਆਂ। ਦਰਾਵੜ ਆਂ ਆਪਾਂ ਯਾਰ। ਜੇ ਆਪਾਂ ਹਨੇਰੇ ਨੂੰ ਦੇਖ ਕੇ ਨੀਮੀਆਂ ਪਾ ਗਏ, ਫੇਰ ਸ਼ਮਾਦਾਨ ਕੀ ਕਹਿਣਗੇ?"

ਬਿੱਲੂ ਸੁਰਜੀਤ ਪਾਤਰ ਦੀਆਂ ਸਤਰਾਂ ਗਾਉਣ ਲੱਗ ਪੈਂਦਾ। ਬਿੱਲੂ ਨੇ ਮੈਨੂੰ ਇੱਕ ਨਾਵਲ 'ਅੰਨ੍ਹੇ ਘੋੜੇ ਦਾ ਦਾਨ' ਪੜ੍ਹਨ ਨੂੰ ਦਿੱਤਾ ਸੀ। ਉਂਝ ਪੜ੍ਹਦਾ ਮੈਂ ਵੀ ਬਹੁਤ ਸੀ, ਪਰ ਬਿੱਲੂ ਨੇ ਮੈਨੂੰ ਨਾਵਲ ਦਾ ਉਹ ਪੈਰ੍ਹਾ ਪੜ੍ਹ ਕੇ ਸੁਣਾਇਆ ਸੀ, ਜਿਸ ਵਿੱਚ ਭਿਖਾਰੀ ਬਣ ਕੇ ਜਿਮੀਂਦਾਰਾਂ ਦੇ ਘਰਾਂ ਵਿੱਚੋਂ ਦਾਨ ਮੰਗਣ ਜਾਂਦੇ ਵਿਹੜੇ ਦੇ ਬਾਸ਼ਿੰਦੇ ਨੂੰ ਪੰਚ ਡਾਂਗ ਨਾਲ ਮੋੜਦਾ ਹੈ। ਬਿੱਲੂ ਹੀ ਮੈਨੂੰ ਬੰਤ ਝੱਬਰ ਦੀਆਂ ਲੱਤਾਂ-ਬਾਹਾਂ ਕੱਟਣ ਵਾਲੇ ਦਬੰਗਾਂ ਦੇ ਖਿਲਾਫ ਹੋਈ ਰੋਸ ਰੈਲੀ ਵਿੱਚ ਲੈ ਕੇ ਗਿਆ ਸੀ। ਬੁਰੀ ਤਰ੍ਹਾਂ ਅਪਾਹਜ ਕੀਤਾ ਬੰਤ ਇਨਕਲਾਬ ਦੇ ਗੀਤ ਗਾ ਰਿਹਾ ਸੀ। ਬੰਤ ਨੂੰ ਦੇਖ ਕੇ ਮੇਰੇ ਅੰਦਰਲਾ ਫੌਜੀ ਜਾਗ ਪਿਆ। ਮੈਂ ਵਿਹੜੇ ਵਾਲਿਆਂ ਨੂੰ ਉਨ੍ਹਾਂ ਦੇ ਦੁੱਖਾਂ ਦੇ ਕਾਰਨ ਦੱਸਣ ਲੱਗ ਪੈਂਦਾ। ਕਈਆਂ ਨੂੰ ਮੈਂ ਸੀਰੀ ਪ੍ਰਥਾ ਦਾ ਫਸਤਾ ਵੱਢਣ ਲਈ ਵੀ ਮਨਾ ਲਿਆ। ਕਈ ਮੇਰੇ ਕਹੇ ਗੁਲਾਮੀ ਕਰਨ ਦੀ ਥਾਂ ਆਜ਼ਾਦ ਮਜ਼ਦੂਰੀ ਕਰਨ ਕਾਰਖਾਨਿਆਂ ਵਿੱਚ ਜਾਣ ਲੱਗ ਪਏ। ਵਿਹੜੇ ਦੀਆਂ ਔਰਤਾਂ ਜਿਮੀਂਦਾਰਾਂ ਦੇ ਘਰ ਗੋਹਾ ਕੂੜਾ ਕਰਨ ਦੀ ਥਾਂ ਹੋਰ ਧੰਦੇ ਕਰਨ ਲੱਗ ਪਈਆਂ।

ਪਿੰਡ ਦੇ ਆਗੂ ਬਣੇ ਬੰਦਿਆਂ ਦੀਆਂ ਅੱਖਾਂ ਵਿੱਚ ਮੈਂ ਰੜਕਣ ਲੱਗ ਪਿਆ। ਉਨ੍ਹਾਂ ਮੈਨੂੰ ਕਈ ਵਾਰ ਜਰਕਾਉਣ ਬਾਰੇ ਸੋਚਿਆ। ਬੰਤ ਝੱਬਰ ਨਾਲ ਹੋਈ ਬੀਤੀ ਦੱਸਣ ਦੀ ਕੋਸ਼ਿਸ਼ ਕੀਤੀ। ਉਹ ਗੱਲੀਂ-ਗੱਲੀਂ ਆਖ ਵੀ ਸਭ ਕੁਝ ਜਾਂਦੇ, ਪਰ ਝਿਜਕ ਵੀ ਮੰਨਦੇ। ਮੇਰਾ ਵੱਡਾ ਮੁੰਡਾ ਸਰਦੂਲ ਕੋਟੇ 'ਚ ਭਰਤੀ ਹੋ ਕੇ ਪੁਲਸ ਇੰਸਪੈਕਟਰ ਬਣ ਗਿਆ ਸੀ। ਛੋਟਾ ਮਾਣਾ ਸਿਪਾਹੀ ਭਰਤੀ ਹੋ ਗਿਆ ਸੀ। ਮੁੰਡੇ ਮੇਰੇ ਖਰੇ ਸੁਭਾਅ ਨੂੰ ਜਾਣਦੇ ਸੀ। ਉਨ੍ਹਾਂ ਨਾਲ ਮੇਰਾ ਜਜ਼ਬਾਤੀ ਸੰਬੰਧ ਸੀ। ਜਦੋਂ ਮੈਥੋਂ ਪਿੰਡ ਵਿੱਚ ਕੋਈ ਸੱਚੀ ਗੱਲ ਕਹੀ ਜਾਂਦੀ ਤਾਂ ਆਗੂ ਬੰਦਿਆਂ ਦੇ ਫੋਨ ਮੁੰਡਿਆਂ ਕੋਲ ਜਾਣ ਲੱਗ ਪੈਂਦੇ। ਉਹ ਅਸਲੀਅਤ ਦਾ ਪਤਾ ਕਰਨ ਪਿੰਡ ਆ ਜਾਂਦੇ। ਮੈਂ ਬਿੱਲੂ ਪੰਚ ਨੂੰ ਸੱਦ ਕੇ ਸਾਰੀ ਗੱਲ ਦੱਸਦਾ, "ਕਾਕਾ, ਮੇਰੀ ਗੱਲ ਸੁਣ ਲਓ। ਤੁਸੀਂ ਵੀ ਇਨ੍ਹਾਂ ਮੁਸ਼ਕ ਮਾਰਦੀਆਂ ਬੀਹੀਆਂ ਵਿੱਚ ਰੁੜ੍ਹਦੇ ਐਸ ਪਦਵੀ ਨੂੰ ਪੁੱਜੇ ਹੋ। ਤੁਸੀਂ ਇਨ੍ਹਾਂ ਢਾਰਿਆਂ ਦਾ ਰਿਣ ਨਹੀਂ ਉਤਾਰਦੇ। ਮੈਨੂੰ ਤਾਂ ਭਗੌੜਾ ਨਾ ਬਣਾਓ। ਮੈਂ ਫੌਜੀ ਹਾਂ। ਕਾਨੂੰਨ ਤੋਂ ਬਾਹਰੀ ਕੋਈ ਗੱਲ ਨਹੀਂ ਕਰਦਾ, ਪਰ ਮੈਂ ਸਫੈਦਪੋਸ਼ਾਂ ਨੂੰ ਇਹ ਤਾਂ ਜ਼ਰੂਰ ਦੱਸੂੰ ਬਈ ਅਸੀਂ ਵੀ ਉਸੇ ਰੱਬ ਦੇ ਬਣਾਏ ਆਂ, ਜਿਸ ਨੇ ਥੋਨੂੰ ਬਣਾ ਕੇ ਘੱਲਿਆ।"

ਮੁੰਡੇ ਮੇਰੀ ਗੱਲ ਧਿਆਨ ਨਾਲ ਸੁਣਦੇ। ਉਨ੍ਹਾਂ ਪਿੰਡ ਦੇ ਚਲਾਕ ਬੰਦਿਆਂ ਦੇ ਫੋਨ ਸੁਣਨੇ ਬੰਦ ਕਰ ਦਿੱਤੇ। ਉਨ੍ਹਾਂ ਮੇਰਾ ਹੌਸਲਾ ਵੀ ਵਧਾਇਆ। ਵਿਹੜੇ ਦੇ ਵੀ ਕਈ ਬੰਦੇ ਮੇਰੀ ਸਾਫਗੋਈ ਨਾਲ ਹਮਦਰਦੀ ਕਰਨ ਲੱਗ ਪਏ। ਲੋਕ ਸਭਾ ਚੋਣਾਂ ਦਾ ਨੇੜ ਆ ਗਿਆ। ਮੈਂ ਵਿਹੜੇ ਵਾਲਿਆਂ ਨੂੰ ਕਿਸੇ ਪਾਰਟੀ ਤੋਂ ਸ਼ਰਾਬ, ਭੁੱਕੀ ਜਾਂ ਪੈਸਾ ਨਾ ਲੈਣ ਲਈ ਪ੍ਰੇਰਦਾ। ਮੇਰੇ ਮਗਰ ਬਿੱਲੂ ਪੰਚ ਵੀ ਆਖ ਦਿੰਦਾ।

"ਭਾਈਚਾਰਿਆ, ਸਿਰਫ ਵੀਹ ਪੈਸੇ ਰੋਜ਼ ਦੇ ਬਣਦੇ ਐ। ਜਿਹੜਿਆਂ ਪਿੱਛੇ ਆਪਾਂ ਪੰਜ ਸਾਲ ਲਈ ਵਿਕ ਜਾਨੇ ਆਂ। ਵੋਟ ਪਾਓ ਜੀਹਨੂੰ ਮਰਜ਼ੀ, ਪਰ ਐਤਕੀਂ ਆਪਾਂ ਕਿਸੇ ਖੜਪੰਚ ਨੂੰ ਵਿਹੜੇ ਅੰਦਰ ਬੋਤਲਾਂ ਤੇ ਪੈਸੇ ਨ੍ਹੀਂ ਵੰਡਣ ਦੇਣੇ। ਆਪਣੀ ਯਾਰ ਕਿੰਨੀ ਕੁ ਗਰੀਬੀ ਚੁੱਕੀ ਜਾਊ ਹਜ਼ਾਰ ਨਾਲ? ਬਹੁਤ ਲਾਹਨਤ ਆਲੀ ਗੱਲ ਐ ਇਹ ਤਾਂ।"

ਕੁਝ ਦਿਨਾਂ ਤੱਕ ਸਾਡਾ ਭਾਈਚਾਰਾ ਦੁਬਿਧਾ ਵਿੱਚ ਰਿਹਾ। ਫੇਰ ਉਨ੍ਹਾਂ ਮੇਰੇ ਤੇ ਬਿੱਲੂ ਮੂਹਰੇ ਇੱਕ ਸ਼ਰਤ ਰੱਖ ਦਿੱਤੀ। ਵਿਹੜੇ ਦੀ ਧਰਮਸ਼ਾਲਾ ਦਾ ਇੱਕ ਕਮਰਾ ਢਾਹ ਕੇ ਇੱਕ ਦਬੰਗ ਨੇ ਰੂੜੀ ਲਾ ਰੱਖੀ ਸੀ। ਧਰਮਸ਼ਾਲਾ ਲਈ ਆਈ ਗਰਾਂਟ ਉਹ ਲੜਾਕੂ ਬੰਦਾ ਲੱਗਣ ਨਹੀਂ ਦਿੰਦਾ ਸੀ। ਉਸ ਦਾ ਕਹਿਣਾ ਸੀ ਕਿ ਕਿਸੇ ਜ਼ਮਾਨੇ ਵਿੱਚ ਮੇਰੇ ਵੱਡ-ਵਡੇਰਿਆਂ ਨੇ ਵਿਹੜੇ ਵਾਲਿਆਂ ਨੂੰ ਸੱਤ ਮਰਲੇ ਥਾਂ ਪੁੰਨ ਨਮਿਤ ਦਿੱਤੀ ਸੀ। ਇਸ ਕਰ ਕੇ ਥਾਂ ਉਹ ਵਾਅਦਾ ਸਮਝਦਾ ਸੀ। ਮੈਂ ਵੱਡੇ ਮੁੰਡੇ ਨੂੰ ਫੋਨ ਕਰ ਕੇ ਵਿਹੜੇ ਦੇ ਮੁੰਡੇ ਲਾ ਉਸ ਦੀ ਰੂੜੀ ਪਰ੍ਹੇ ਸੁਟਵਾ ਦਿੱਤੀ। ਬੰਦਾ ਥਾਣੇ ਵੱਲ ਭੱਜਿਆ। ਮੂਹਰੇ ਮੇਰਾ ਮੁੰਡਾ ਸਰਦੂਲ ਮੁੱਛਾਂ ਨੂੰ ਤਾਅ ਦੇਈ ਬੈਠਾ ਸੀ। ਪੁੱਠਾ ਮੁੜ ਆਇਆ। ਮੈਂ ਓਨਾ ਚਿਰ ਗੰਡਾਸੀ ਲਈ ਬੈਠਾ ਰਿਹਾ, ਜਿੰਨਾ ਚਿਰ ਧਰਮਸ਼ਾਲਾ ਦੇ ਕਮਰੇ ਦੀ ਛੱਤ ਨਾ ਪੈ ਗਈ। ਸਾਡੀ ਕਰੜਾਈ ਦੇਖ ਵਿਹੜੇ ਵਾਲਿਆਂ ਅੰਦਰੋਂ ਵੀ ਡਰ ਹੋਰ ਘਟ ਗਿਆ।

ਅਖੀਰ ਚੋਣਾਂ ਤੋਂ ਪਹਿਲਾਂ ਮੈਨੂੰ ਆਪਣੇ ਨਾਲ ਰਲਾਉਣ ਲਈ ਇੱਕ ਦਾਅ ਹੋਰ ਖੇਡਿਆ। ਪਿੰਡ ਵਿੱਚ ਕਬੱਡੀ ਦਾ ਟੂਰਨਾਮੈਂਟ ਰਖਵਾ ਲਿਆ। ਯੂਥ ਕਲੱਬ ਦੇ ਮੁੰਡਿਆਂ ਨੇ ਟੂਰਨਾਮੈਂਟ ਦਾ ਜਿਹੜਾ ਇਸ਼ਤਿਹਾਰ ਛਪਵਾਇਆ, ਉਸ ਉਤੇ ਮੇਰੀ ਅਤੇ ਬਿੱਲੂ ਪੰਚ ਦੀ ਫੋਟੋ ਲਗਵਾ ਦਿੱਤੀ। ਨਾਲ ਸਾਡੇ ਗੁਰਦੁਆਰੇ ਦੇ ਮਹੰਤ ਦੀ ਫੋਟੋ ਛਾਪ ਦਿੱਤੀ। ਇਹ ਸਤਰਾਂ ਵੀ ਇਸ਼ਤਿਹਾਰ ਵਿੱਚ ਪਾ ਦਿੱਤੀਆਂ ਕਿ ਅਸੀਂ ਤਿੰਨੋਂ ਕਬੱਡੀ ਵਿੱਚ ਪਹਿਲੇ ਤੇ ਦੂਜੇ ਨੰਬਰ 'ਤੇ ਆਈਆਂ ਟੀਮਾਂ ਨੂੰ ਇਨਾਮ ਵੰਡਾਂਗੇ। ਸਫੈਦਪੋਸ਼ਾਂ ਨੇ ਮੁੰਡਿਆਂ ਨੂੰ ਮੇਰੇ ਕੋਲ ਭੇਜ ਦਿੱਤਾ। ਮੈਂ ਮੁੰਡਿਆਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਸਾਡੇ ਸਮਾਜ ਨੂੰ ਗੇਰਨ ਵਾਲੇ ਕੰਮ ਇਹੀ ਮੁੰਡੇ ਕਰਦੇ ਸੀ। ਮੈਂ ਟੂਰਨਾਮੈਂਟ ਲਈ ਸੱਦਾ ਦੇਣ ਆਏ ਮੁੰਡਿਆਂ ਨੂੰ ਪੁੱਛਿਆ, "ਪਿਛਲੀਆਂ ਵੋਟਾਂ ਵੇਲੇ ਵਿਹੜੇ 'ਚ ਸ਼ਰਾਬ ਤੇ ਪੈਸਾ ਥੋਡੇ 'ਚੋਂ ਕਿਹੜੇ ਵੰਡਦੇ ਸੀ?"

ਮੇਰੀ ਗੱਲ ਸੁਣ ਉਨ੍ਹਾਂ ਦੇ ਮੂੰਹ ਉਡ ਗਏ। ਸਾਰੇ ਇੱਕ ਦੂਜੇ ਦੇ ਮਗਰ ਲੁਕਣ ਲੱਗ ਪਏ। ਹੋਰ ਕਿਸੇ ਗਰੀਬ ਨੇ ਇਹੀ ਗੱਲ ਕਹੀ ਹੁੰਦੀ ਤਾਂ ਉਹ ਮੁੰਡਿਆਂ ਨੇ ਗਲ ਪੈਣ ਲੱਗਿਆਂ ਮਿੰਟ ਲਾਉਣਾ ਸੀ, ਪਰ ਉਹ ਸਭ ਜਾਣਦੇ ਸੀ ਛੇ-ਛੇ ਫੁੱਟ ਦੇ ਦੋ ਕੁੰਢੀਆਂ ਮੁੱਛਾਂ ਵਾਲੇ ਮੇਰੇ ਪੁੱਤ ਥਾਣੇ ਵਿੱਚ ਸਰਕਾਰੀ ਵਰਦੀ ਵਿੱਚ ਸਨ।

'ਕਾਕਾ, ਅਸੀਂ ਹੁਣ ਜਾਗ ਪਏ ਹਾਂ। ਸਾਨੂੰ ਬੰਦੇ ਸਮਝੋ। ਭੇਡਾਂ, ਬੱਕਰੀਆਂ, ਵਾਂਗ ਸਾਡਾ ਮੁੱਲ ਨਾ ਲਾਓ। ਵੋਟਾਂ ਲਓ, ਬੜੀ ਖੁਸ਼ੀ ਨਾਲ ਪਰ ਇਹ ਖਰੀਦੋ ਫਰੋਖਤ ਕਰਨ ਐਤਕੀਂ ਨਾ ਆਇਓ। ਉਂਝ ਵੀ ਇਹ ਗੈਰ ਕਾਨੂੰਨੀ ਕੰਮ ਐ। ਜਿਹੜਾ ਅਸੀਂ ਫੜ ਲਿਆ, ਪੁਲਸ ਦੇ ਹਵਾਲੇ ਕਰਾਂਗੇ।' ਮੁੰਡੇ ਪੁੱਠੇ ਮੁੜ ਗਏ। ਮੈਂ ਟੂਰਨਾਮੈਂਟ 'ਤੇ ਵੀ ਨਾ ਗਿਆ। ਖੇਡਾਂ ਵੀ ਹੁਣ ਸਿਆਸੀ ਲੋਕਾਂ ਦੀ ਢਾਲ ਦਾ ਸ਼ਿਕਾਰ ਹੋ ਚੁੱਕੀਆਂ ਨੇ।

ਚੋਣਾਂ ਤੋਂ ਪਹਿਲਾਂ ਦੀਆਂ ਦੋ ਰਾਤਾਂ ਅਸੀਂ ਵਿਹੜੇ ਦੀਆਂ ਬੀਹੀਆਂ 'ਤੇ ਪਹਿਰਾ ਬਹਾ ਦਿੱਤਾ। ਪਹਿਰੇ ਵਾਲਿਆਂ ਦੀ ਚਾਹ ਲੈ ਕੇ ਆਇਆ ਬਿੱਲੂ ਪੰਚ ਹੱਸਣ ਲੱਗਾ, "ਦੇਖ ਲਓ ਬਖਤੌਰ ਸਿਆਂ। ਊਂ ਤਾਂ ਪਿੰਡ ਆਲੇ ਸਾਡੇ ਵਿਹੜੇ ਨੂੰ ਕੁੰਭੀ ਨਰਕ ਆਖਦੇ ਐ। ਆਹ ਵੋਟਾਂ ਆਲੀ ਰਾਤ ਵੱਡੇ ਚੌਧਰੀ ਗੰਧ 'ਚ ਡਿੱਗਦੇ ਸਾਨੂੰ ਹਜ਼ਾਰ ਰੁਪਿਆ ਦੇ ਕੇ ਸਰਕਾਰ ਬਣਾਉਂਦੇ ਐ। ਉਸ ਰਾਤ ਕੁੰਭੀ ਨਰਕ 'ਚ ਡਿੱਗਦਿਆਂ ਇਨ੍ਹਾਂ ਨੂੰ ਮੁਸ਼ਕ ਨ੍ਹੀਂ ਆਉਂਦਾ?"

ਇੱਕ ਰਾਤ ਸੌਖੀ ਲੰਘ ਗਈ। ਪੈਸੇ ਵੰਡਣ ਦੀ ਝਾਕ ਵਿੱਚ ਫਿਰਦੇ ਬੰਦੇ ਸਾਡੀ ਸੋਟੀ ਖੜਕਾਉਣ 'ਤੇ ਪਰਤ ਜਾਂਦੇ। ਅਗਲੀ ਰਾਤ ਪੈਸੇ ਵੰਡਣ ਵਾਲਿਆਂ ਦਾ ਸਬਰ ਜਵਾਬ ਦੇਣ ਲੱਗ ਪਿਆ। ਲੜਾਈ ਝਗੜਾ ਹੋਣ ਦੀ ਨੌਬਤ ਆ ਸਕਦੀ ਸੀ। ਮੈਂ ਚੋਣ ਕਮਿਸ਼ਨ ਵੱਲੋਂ ਦਿੱਤੇ ਨੰਬਰ 'ਤੇ ਗੱਲ ਕੀਤੀ। ਪੈਸੇ ਵੰਡਣ ਵਾਲਿਆਂ ਨੂੰ ਫੜਨ ਵਾਲਾ ਫਲਾਇੰਗ ਸਕੁਐਡ ਆ ਗਿਆ। ਮੈਂ ਦਬੰਗ ਬੰਦਿਆਂ ਦੀ ਮਨਸ਼ਾ ਬਾਰੇ ਦੱਸਿਆ ਤਾਂ ਸਾਡੇ ਭਾਈਚਾਰੇ ਵਿੱਚੋਂ ਭਰਤੀ ਹੋਏ ਇੱਕ ਪੁਲਸੀਏ ਨੇ ਮੇਰੀ ਬਾਂਹ ਫੜ ਪਾਸੇ ਕਰ ਲਿਆ, "ਸੂਬੇਦਾਰਾ, ਪੈਸੇ ਹੋਰ ਵਿਹੜਿਆਂ ਵਿੱਚ ਵੰਡੀ ਜਾਂਦੇ ਐ।"

ਮੈਂ ਵਿਰੋਧ ਕੀਤਾ, "ਗਲਤ ਗੱਲ ਐ। ਤੁਸੀਂ ਰੋਕਦੇ ਕਿਉਂ ਨਹੀਂ?"

ਉਸ ਨੇ ਦੁੱਖ ਨਾਲ ਕਿਹਾ, "ਸਾਡੇ ਉਤਲੇ ਅਫਸਰ ਆਖਰੀ ਰਾਤ ਵਿਕ ਗਏ। ਸਾਡਾ ਅਪਮਾਨ ਹੋ ਰਿਹਾ ਹੈ।"

ਉਹ ਖਾਮੋਸ਼ ਹੋ ਗਿਆ। ਮੈਂ ਉਸ ਦੀਆਂ ਅੱਖਾਂ 'ਚ ਝਾਕਣ ਲੱਗਾ, "ਸੂਬੇਦਾਰਾ, ਐਥੇ ਈ ਡਟਿਆ ਰਹਿ। ਮੈਂ ਸੁਣਿਆ, ਹਰੇਕ ਹਨੇਰੀ ਰਾਤ ਮਗਰੋਂ ਸਵੇਰਾ ਜ਼ਰੂਰ ਹੁੰਦੈ। ਜਿਹੜੀਆਂ ਸਰਾਪੀਆਂ ਜੂਹਾਂ 'ਚ ਇਨਸਾਨਾਂ ਦੀ ਕੀਮਤ ਲਾਉਂਦੇ ਫਿਰਦੇ ਐ, ਉਥੇ ਵੀ ਇੱਕ ਦਿਨ ਤੇਰੇ ਵਰਗੇ ਬੰਦੇ ਪੈਦਾ ਹੋਣਗੇ।"

ਉਹ ਮੇਰੇ ਮੋਢੇ ਨੂੰ ਥਾਪੜਾ ਦੇ ਜਿਪਸੀ ਵੱਲ ਤੁਰ ਪਿਆ। ਉਸ ਦੇ ਮੋਢਿਆਂ 'ਤੇ ਲੱਗੇ ਸਟਾਰ ਟਿਊਬ ਦੇ ਚਾਨਣ ਵਿੱਚ ਲਿਸ਼ਕਾਂ ਮਾਰ ਰਹੇ ਸਨ।

## ਹਲਕਾ ਫੁਲਕਾ

ਜੱਜ (ਚੋਰ ਨੂੰ), "ਤੂੰ ਵਿਆਹਿਆ ਹੋਇਆਂ ਏਂ, ਸ਼ਰੀਫ ਏਂ, ਫਿਰ ਵੀ ਤੂੰ ਇੱਕੋ ਦੁਕਾਨ ਵਿੱਚ ਲਗਾਤਾਰ ਤਿੰਨ ਵਾਰ ਚੋਰੀ ਕਿਉਂ ਕੀਤੀ?"

ਚੋਰ, "ਜੱਜ ਸਾਹਿਬ, ਚੋਰੀ ਤਾਂ ਮੈਂ ਇੱਕੋ ਵਾਰ ਕੀਤੀ ਸੀ, ਬਾਕੀ ਦੋ ਵਾਰ ਤਾਂ ਪਤਨੀ ਦੇ ਕਹਿਣ 'ਤੇ ਸਾੜ੍ਹੀ ਦਾ ਰੰਗ ਬਦਲਣ ਗਿਆ ਸੀ।"

*********

ਦਾਦਾ ਜੀ (ਬੰਟੀ ਨੂੰ), "ਬੇਟਾ, ਅੰਦਰੋਂ ਜ਼ਰਾ ਮੇਰੇ ਦੰਦ ਲੈ ਕੇ ਆਵੀਂ।"

ਬੰਟੀ, "...ਪਰ ਦਾਦਾ ਜੀ, ਅਜੇ ਤਾਂ ਰੋਟੀ ਵੀ ਨਹੀਂ ਬਣੀ।"

ਦਾਦਾ ਜੀ, "ਓਏ ਰੋਟੀ ਨੂੰ ਮਾਰ ਗੋਲੀ, ਸਾਹਮਣੇ ਵਾਲੀ ਗੁਆਂਢਣ ਨੂੰ ਸਮਾਈਲ ਮਾਰਨੀ ਹੈ।"

*********

ਟੀਚਰ, "ਸਾਲੀ ਅੱਧੀ ਘਰ ਵਾਲੀ, ਇਸ ਮੁਹਾਵਰੇ ਦਾ ਅਰਥ ਦੱਸੋ।"

ਅਸ਼ੋਕ, "ਇਹ ਉਹ ਸਕੀਮ ਹੈ, ਜੋ ਲਾੜੇ ਨੂੰ ਦੱਸੀ ਜਾਂਦੀ ਹੈ, ਪਰ ਦਿੱਤੀ ਨਹੀਂ ਜਾਂਦੀ।"

# ਖੇਡ ਸਾਹਿਤ ਤੇ ਮੇਰੀ ਲੇਖਣੀ ਦੀ ਮੈਰਾਥਨ

-ਪ੍ਰਿੰਸੀਪਲ ਸਰਵਣ ਸਿੰਘ

ਮੈਂ ਖੇਡਾਂ ਅਤੇ ਖਿਡਾਰੀਆਂ ਬਾਰੇ 1965-66 ਤੋਂ ਲਿਖਦਾ ਆ ਰਿਹਾ ਹਾਂ। ਅਜੇ ਵੀ ਲੱਗਦਾ ਹੈ ਜਿਵੇਂ ਗੋਹੜੇ 'ਚੋਂ ਪੂਣੀ ਹੀ ਕੱਤੀ ਹੋਵੇ। ਖੇਡਾਂ ਦੀ ਦੁਨੀਆ ਬੜੀ ਵਿਸ਼ਾਲ ਹੈ। ਵਿਸ਼ਵ ਦੀਆਂ ਹਜ਼ਾਰਾਂ ਖੇਡਾਂ ਹਨ, ਜੋ ਜਲ, ਥਲ, ਬਰਫ਼ ਤੇ ਹਵਾ ਵਿੱਚ ਖੇਡੀਆਂ ਜਾਂਦੀਆਂ ਹਨ। ਸੌ ਤੋਂ ਵੱਧ ਪੰਜਾਬ ਦੀਆਂ ਦੇਸੀ ਖੇਡਾਂ ਹੀ ਹਨ ਜਿਨ੍ਹਾਂ 'ਚੋਂ 87 ਖੇਡਾਂ ਦਾ ਵੇਰਵਾ ਮੈਂ 'ਪੰਜਾਬ ਦੀਆਂ ਦੇਸੀ ਖੇਡਾਂ' ਪੁਸਤਕ ਵਿੱਚ ਦਿੱਤਾ ਹੈ।

ਮੈਂ ਕਦੇ ਲਿਖਿਆ ਸੀ, ''ਸ੍ਰਿਸ਼ਟੀ ਇੱਕ ਵੱਡਾ ਖੇਡ ਮੇਲਾ ਹੈ ਤੇ ਬ੍ਰਹਿਮੰਡ ਉਸ ਦਾ ਵਿਸ਼ਾਲ ਖੇਡ ਮੈਦਾਨ। ਧਰਤੀ, ਸੂਰਜ, ਚੰਦ, ਤਾਰੇ ਤੇ ਉਪਗ੍ਰਹਿ ਉਸ ਦੇ ਖਿਡਾਰੀ ਹਨ। ਦਿਨ-ਰਾਤ ਤੇ ਰੁੱਤਾਂ ਦੇ ਗੇੜ ਮੈਚਾਂ ਦਾ ਸਮਾਂ ਸਮਝੇ ਜਾ ਸਕਦੇ ਹਨ। ਜੀਵਨ ਇੱਕ ਖੇਡ ਹੀ ਤਾਂ ਹੈ। ਜੀਵ ਆਉਂਦੇ ਅਤੇ ਤੁਰਦੇ ਜਾਂਦੇ ਹਨ। ਕੋਈ ਜਿੱਤ ਰਿਹੈ, ਕੋਈ ਹਾਰ ਰਿਹੈ। ਜਿਹੜੇ ਜਿੱਤ ਜਾਂਦੇ ਨੇ ਉਹ ਬੱਲੇ-ਬੱਲੇ ਕਰਵਾ ਜਾਂਦੇ ਨੇ ਅਤੇ ਜਿਹੜੇ ਹਾਰ ਜਾਂਦੇ ਨੇ ਉਹ ਭੁੱਲ-ਭੁੱਲਾ ਜਾਂਦੇ ਨੇ। ਕੁਦਰਤ ਦੇ ਕਾਦਰ ਨੇ ਆਲੌਕਿਕ ਮੇਲਾ ਰਚਾ ਰੱਖਿਆ ਹੈ ਅਤੇ ਬਾਜ਼ੀ ਪਾ ਰੱਖੀ ਹੈ-'ਬਾਜ਼ੀਗਰ ਬਾਜ਼ੀ ਪਾਈ ਸਭ ਖਲਕ ਤਮਾਸ਼ੇ ਆਈ।'

ਸੋਹਣ ਸਿੰਘ 'ਸੀਤਲ' ਦੀਆਂ ਬਹੁਤੀਆਂ ਕਿਤਾਬਾਂ ਦੇ ਨਾਂ ਮੂਹਰੇ ਸੀਤਲ ਸ਼ਬਦ ਲੱਗਦਾ ਹੈ, ਜਿਵੇਂ ਸੀਤਲ ਪ੍ਰਸੰਗ, ਸੀਤਲ ਤਾਂਘਾਂ, ਸੀਤਲ ਤਰੰਗਾਂ, ਉਮੰਗਾਂ, ਰਮਜ਼ਾਂ, ਸੁਗਾਤਾਂ, ਕਿਰਨਾਂ ਤੇ ਸੀਤਲ ਵਲਵਲੇ ਆਦਿ। ਮੇਰੀਆਂ ਵੀ ਬਹੁਤੀਆਂ ਕਿਤਾਬਾਂ ਦੇ ਨਾਂ ਖੇਡ ਨਾਲ ਸ਼ੁਰੂ ਹੁੰਦੇ ਹਨ ਜਿਵੇਂ 'ਖੇਡ ਸੰਸਾਰ' 'ਖੇਡ ਜਗਤ ਵਿੱਚ ਭਾਰਤ' 'ਖੇਡ ਮੈਦਾਨ 'ਚੋਂ' 'ਖੇਡ ਜਗਤ ਦੀਆਂ ਬਾਤਾਂ', 'ਖੇਡ ਪਰਿਕਰਮਾ', 'ਖੇਡ ਦਰਸ਼ਨ', 'ਖੇਡ ਮੇਲੇ ਵੇਖਦਿਆਂ', 'ਖੇਡਾਂ ਦੀ ਦੁਨੀਆ' ਅਤੇ 'ਖੇਡ ਅਤੇ ਸਿਹਤ ਵਾਰਤਾ।' ਹੋ ਸਕਦਾ ਹੈ ਕਿ ਕਦੇ ਖੇਡ ਚਰਚਾ, ਖੇਡ ਕਥਾ ਤੇ ਖੇਡ ਲੀਲ੍ਹਾ ਰੱਖੇ ਜਾਣ। ਰੱਖਣ ਨੂੰ ਖੇਡ ਖਿਡਾਰੀ ਵੀ ਰੱਖਿਆ ਜਾ ਸਕਦੈ ਕਿਉਂਕਿ ਇਨ੍ਹਾਂ ਪੁਸਤਕਾਂ ਦਾ ਵਿਸ਼ਾ ਹੀ ਖੇਡਾਂ ਅਤੇ ਖਿਡਾਰੀ ਹਨ।

ਇਨ੍ਹਾਂ ਵਿੱਚ ਖਿਡਾਰੀਆਂ ਦੇ ਸ਼ਬਦ ਚਿੱਤਰ, ਜੀਵਨੀਆਂ, ਸਵੈ-ਜੀਵਨੀਆਂ, ਖੇਡ ਕਹਾਣੀਆਂ, ਖੇਡ ਇਤਿਹਾਸ, ਖੇਡ ਮੇਲੇ, ਖੇਡ ਮਸਲੇ, ਖੇਡ ਕਿੱਸੇ, ਖੇਡ ਤਬਸਰੇ, ਖੇਡਾਂ ਦੀ ਜਾਣ-ਪਛਾਣ, ਖੇਡਾਂ ਦੀਆਂ ਬਾਤਾਂ, ਪੇਂਡੂ ਓਲੰਪਿਕਸ, ਖੇਡਾਂ ਦਾ ਕਾਵਿ-ਸੰਸਾਰ, ਖੇਡ ਚਿੰਤਨ, ਲੋਪ ਹੋ ਰਹੀਆਂ ਦੇਸੀ ਖੇਡਾਂ ਤੇ ਖੇਡੀਆਂ ਜਾਂਦੀਆਂ ਅਜੋਕੀਆਂ ਖੇਡਾਂ ਬਾਰੇ ਬਹੁਪੱਖੀ ਜਾਣਕਾਰੀ ਦੇਣ ਵਾਲੀਆਂ ਪੁਸਤਕਾਂ ਹਨ। ਜਿਵੇਂ ਖੇਡਾਂ ਖੇਡਣ ਤੇ ਵੇਖਣ ਵਾਲੇ ਬਹੁਤ ਸਾਰੇ ਲੋਕ ਹਨ, ਤਿਵੇਂ ਹੀ ਖੇਡਾਂ ਅਤੇ ਖਿਡਾਰੀਆਂ ਬਾਰੇ ਛਪੀਆਂ ਪੁਸਤਕਾਂ ਪੜ੍ਹਨ ਵਾਲੇ ਪਾਠਕ ਵੀ ਮੌਜੂਦ ਹਨ।

ਖੇਡਾਂ ਪੰਜਾਬੀਆਂ ਦਾ ਇਸ਼ਕ ਹਨ। ਉਹ ਜਿੰਨੇ ਜ਼ੋਰ ਨਾਲ ਹਲ਼-ਵਾਹੀ ਕਰਦੇ ਤੇ ਜੰਗਾਂ, ਯੁੱਧਾਂ 'ਚ ਜੂਝਦੇ ਹਨ, ਓਨੇ ਹੀ ਜ਼ੋਰ ਨਾਲ ਖੇਡਦੇ ਹਨ। ਜਿੰਨੇ ਚਾਅ ਨਾਲ ਮੇਲੇ ਵੇਖਦੇ ਹਨ ਓਨੇ ਹੀ ਚਾਅ ਨਾਲ ਖੇਡ ਮੁਕਾਬਲੇ। ਉਹ ਮੁੱਢ ਕਦੀਮ ਤੋਂ ਜੁੱਸੇ ਤਕੜੇ ਬਣਾਉਣ ਦੇ ਸ਼ੌਕੀਨ ਰਹੇ ਹਨ। ਤਕੜਾ ਜੁੱਸਾ ਸੋਹਣੇ ਲੱਗਣ, ਸ਼ਿਕਾਰ ਖੇਡਣ, ਲੜਾਈ ਲੜਨ, ਮਾਲ ਡੰਗਰ ਸੰਭਾਲਣ, ਖੇਤੀਬਾੜੀ ਕਰਨ ਅਤੇ ਖੇਡਾਂ ਖੇਡਣ ਲਈ ਵਧੇਰੇ ਕਾਮਯਾਬ ਸੀ। ਹਰ ਮਾਪੇ ਦਾ ਚਾਅ ਸੀ ਕਿ ਉਨ੍ਹਾਂ ਦਾ ਬੱਚਾ ਤਕੜਾ ਜਵਾਨ ਬਣੇ। ਜੁੱਸੇ ਤਕੜੇ ਕਰਨ ਲਈ ਖ਼ੁਰਾਕਾਂ ਅਤੇ ਕਸਰਤਾਂ 'ਤੇ ਉਚੇਚਾ ਜ਼ੋਰ ਦਿੱਤਾ ਜਾਂਦਾ ਸੀ।

ਪੰਜਾਬੀਆਂ ਦੀਆਂ ਖ਼ੁਰਾਕਾਂ ਵਿੱਚ ਦੁੱਧ-ਘਿਓ, ਅੱਧ ਰਿੜਕੇ-ਤਿਓੜਾਂ, ਮੱਖਣ-ਮਲਾਈਆਂ, ਖੋਏ-ਪੰਜੀਰੀਆਂ, ਬਦਾਮ-ਛੁਹਾਰੇ, ਸ਼ਰਬਤ ਤੇ ਯਖਣੀਆਂ ਸ਼ਾਮਲ ਸਨ। ਗੁੜ-ਸ਼ੱਕਰ, ਖੰਡ-ਘਿਓ, ਪਰਾਉਂਠੇ ਤੇ ਸਾਗ-ਮੱਖਣ ਰੱਜ ਕੇ ਖਾਧਾ ਜਾਂਦਾ। ਹਕੀਮਾਂ ਤੋਂ ਕੁਸ਼ਤੇ ਮਰਵਾਏ ਜਾਂਦੇ। ਖਮਖਸ, ਬਦਾਮਾਂ, ਪਿਸਤਿਆਂ ਤੇ ਮਗਜ਼ਾਂ ਦੀਆਂ ਸਰਦਾਈਆਂ ਰਗੜ ਕੇ ਪੀਤੀਆਂ ਜਾਂਦੀਆਂ। ਡੰਡ ਕੱਢਣੇ, ਬੈਠਕਾਂ ਮਾਰਨੀਆਂ, ਦੌੜਨਾ, ਡੱਡੂ-ਛੜੱਪੇ, ਮੂੰਗਲੀਆਂ ਫੇਰਨੀਆਂ, ਪੱਥਰ, ਵੱਟੇ, ਵੇਲਣੇ, ਅਹਿਰਨਾਂ ਤੇ ਮੁਗਦਰ ਚੁੱਕਣੇ, ਰੱਸੇ ਖਿੱਚਣੇ ਅਤੇ ਖੂਹ ਗੇੜਨੇ ਪੰਜਾਬੀਆਂ ਦੀਆਂ ਮੁੱਖ ਕਸਰਤਾਂ ਸਨ। ਕੋਈ ਮੰਨੇਗਾ ਕਿ ਹੱਡ-ਮਾਸ ਦਾ ਬਣਿਆ ਬੰਦਾ ਆਪਣੇ ਸਰੀਰਕ ਵਜ਼ਨ ਨਾਲੋਂ ਤਿੰਨ ਗੁਣਾ ਵੱਧ ਵਜ਼ਨ ਆਪਣੀਆਂ ਬਾਹਾਂ ਉਥੇ ਤੋਲ ਦੇਵੇ? ਜੀ ਹਾਂ, ਅਜਿਹਾ ਹੋ ਗਿਐ। ਚੌਵੀ ਅਪ੍ਰੈਲ 2001 ਨੂੰ ਸਲੋਵਾਕੀਆਂ ਦੇ ਸ਼ਹਿਰ ਟ੍ਰੈਂਚਨ ਵਿੱਚ ਤੁਰਕੀ ਦੇ ਭਾਰਚੁਕਾਵੇ ਹਲੀਲ ਮੁਤਲੂ ਨੇ ਇਹ ਕੁਝ ਵੀ ਕਰ ਵਿਖਾਇਐ। ਉਸਨੇ 56 ਕਿੱਲੋ ਵਜ਼ਨ ਵਰਗ 'ਚ 168 ਕਿੱਲੋ ਭਾਰ ਭੂੰਜਿਓ ਚੁੱਕ ਕੇ ਬਾਹਾਂ ਉਤੇ ਖੜ੍ਹਾ ਕਰ ਦਿੱਤਾ।

'ਚੀਨ ਦਾ ਲਿਓ ਹੂਈ 69 ਕਿੱਲੋ ਵਜ਼ਨ ਵਰਗ ਵਿੱਚ 198 ਕਿੱਲੋਗ੍ਰਾਮ ਦਾ ਬਾਲਾ ਕੱਢ ਕੇ ਦੋ ਕੁਇੰਟਲ ਦੀ ਹੱਦ ਪਾਰ ਕਰਨ ਵਾਲਾ ਹੈ। ਔਰਤਾਂ ਨੂੰ ਨਾਜ਼ਕ ਮਲੂਕ ਕਿਹਾ ਜਾਂਦਾ ਹੈ। ਤੁਰਕੀ ਦੀ ਨੁਰਕਨ ਤੇਲਾਨ ਜਿਸ ਦਾ ਆਪਣਾ ਵਜ਼ਨ 48 ਕਿੱਲੋਗ੍ਰਾਮ ਤੋਂ ਘੱਟ ਹੈ, ਨੇ 121 ਕਿੱਲੋ ਵਜ਼ਨ ਬਾਹਾਂ ਉਤੇ ਚੁੱਕਣ ਦਾ ਵਿਸ਼ਵ ਰਿਕਾਰਡ ਬਣਾ ਰੱਖਿਆ ਹੈ।


ਕਜ਼ਾਖ਼ਸਤਾਨ ਦੀ ਸਵੇਤਲਾਨਾ ਪਾਡੋਵੇਦੋਵਾ ਦਾ ਸਰੀਰਕ ਵਜ਼ਨ 75 ਕਿੱਲੋ ਤੋਂ ਘੱਟ ਹੈ ਪਰ ਉਹ 134 ਕਿੱਲੋ ਦੀ ਸਨੈਚ ਅਤੇ 161 ਕਿੱਲੋ ਦੀ ਜਰਕ ਲਾ ਗਈ ਹੈ। ਉਸ ਨੇ ਚਾਰ ਮਾਣ ਤੋਂ ਵੱਧ ਵਜ਼ਨ ਬਾਹਾਂ ਉਤੇ ਤੋਲ ਦਿੱਤੈ! 'ਤੁਰੋ ਤੇ ਤੰਦਰੁਸਤ ਰਹੋ' ਸਿਹਤ ਨਰੋਈ ਰੱਖਣ ਦਾ ਸੰਦੇਸ਼ ਹੈ।

'ਜਿੱਥੋਂ ਤੱਕ ਸੁਹੱਪਣ ਦੀ ਗੱਲ ਹੈ, ਸੋਹਣੇ-ਸੁਡੌਲ ਜੁੱਸੇ ਪੈਰੀਂ ਤੁਰਨ ਅਤੇ ਕਸਰਤ ਕਰਨ ਵਾਲਿਆਂ ਦੇ ਹੀ ਹੁੰਦੇ ਹਨ। ਜਿਨ੍ਹਾਂ ਨੇ ਤੁਰਨ ਦੇ ਰਾਹ ਨਹੀਂ ਪੈਣਾ, ਉਨ੍ਹਾਂ ਦਾ ਮਾਸ ਬੁਲਬੁਲ ਹੀ ਕਰਨਾ ਹੈ। ਉਸ ਵਿੱਚ ਖਿੱਚ ਨਹੀਂ ਰਹਿਣੀ। ਬਿਊਟੀ ਪਾਰਲਰ ਵਾਲੇ ਸਿਹਲੀਆਂ ਘੜ ਦੇਣਗੇ, ਨਹੁੰ ਪਾਲਸ਼ ਲਾ ਦੇਣਗੇ, ਕਰੀਮਾਂ-ਪਾਊਡਰਾਂ ਨਾਲ ਰੰਗ ਗੋਰਾ ਕਰ ਦੇਣਗੇ, ਪਰ ਸਰੀਰ ਦਾ ਸੁਹੱਪਣ ਤਦ ਹੀ ਨਿੱਖਰੇਗਾ ਜਦੋਂ ਜੁੱਸੇ ਨੂੰ ਛਾਂਟ ਕੇ ਸੁਡੌਲਤਾ ਵਿੱਚ ਢਾਲਿਆ ਜਾਵੇਗਾ।

ਜੁੱਸੇ ਨੂੰ ਛਾਂਟਵਾਂ ਬਣਾਉਣ ਲਈ ਲੰਮੀਆਂ ਵਾਟਾਂ ਦੀ ਸੈਰ ਅਹਿਮ ਹੈ। ਸੈਰ ਕਰਨ 'ਤੇ ਕੁਝ ਨਹੀਂ ਲੱਗਦਾ ਜਦਕਿ 'ਬਿਊਟੀ' ਦੇ ਨਾਂ 'ਤੇ ਵਿਕਣ ਵਾਲੀਆਂ ਵਸਤਾਂ ਜੇਬਾਂ ਖ਼ਾਲੀ ਕਰ ਦਿੰਦੀਆਂ ਨੇ। ਸੁੰਦਰਤਾ ਮਹਿੰਗੇ ਕੱਪੜਿਆਂ, ਗਹਿਣਿਆਂ, ਫੈਸ਼ਨਾਂ ਤੇ ਲਿਪਸਟਿਕਾਂ ਵਿੱਚ ਨਹੀਂ ਸਗੋਂ ਸਰੀਰ ਦੀ ਸੁਡੌਲਤਾ ਵਿੱਚ ਹੈ।

ਸਡੌਲ ਬਦਨ 'ਤੇ ਪਹਿਨੀ ਸਾਦੀ ਪੁਸ਼ਾਕ ਵੀ ਸਿਲਮੇ-ਸਤਾਰੇ ਵਾਲੇ ਸੂਟ ਨਾਲੋਂ ਵਧੇਰੇ ਜਚਦੀ ਹੈ। ਪੰਜਾਬ ਦੇ ਉਹ ਵੀ ਦਿਨ ਸਨ ਜਦੋਂ ਬੀਹੀਆਂ ਅਤੇ ਵਿਹੜਿਆਂ ਵਿੱਚ ਲੋਕ ਖੇਡਾਂ ਦੇ ਝੁਰਮਟ ਪਏ ਰਹਿੰਦੇ ਸਨ। ਬੱਚੇ ਚੰਨ ਚਾਨਣੀਆਂ ਵਿੱਚ ਖੇਡਦੇ ਅਤੇ ਵਡੇਰੇ ਖੁੱਲ੍ਹੀਆਂ ਰੌੜਾ ਨੂੰ ਰੰਗ-ਭਾਗ ਲਾਉਂਦੇ। ਕਿਧਰੇ ਲੁਕਣ-ਮੀਚੀਆਂ ਖੇਡੀਆਂ ਜਾਂਦੀਆਂ, ਕਿਧਰੇ ਛੁਹਣ-ਛੁਹਾਈਆਂ ਅਤੇ ਕਿਧਰੇ ਵੱਡ-ਉਮਰੇ ਬੰਦੇ ਬਾਰਾਂ ਡੀ ਟੀ ਅਤੇ ਬੋੜਾ ਖੂਹ ਖੇਡਦੇ। ਕਿਤੇ ਪੂਰ ਨੱਕਾ ਅਤੇ ਪਾਸਾ ਖੇਡਿਆ ਜਾਂਦਾ। ਕਿਧਰੇ ਜਵਾਨਾਂ ਦੇ ਜ਼ੈਨ ਹੁੰਦੇ ਅਤੇ ਛਿੰਝਾਂ ਪੈਂਦੀਆਂ, ਕਿਧਰੇ ਮੂੰਗਲੀਆਂ ਫੇਰੀਆਂ ਜਾਂਦੀਆਂ ਤੇ ਮੁਗਦਰ ਚੁੱਕੇ ਜਾਂਦੇ। ਢੋਲ ਵੱਜਦੇ, ਬਾਜ਼ੀਆਂ ਪੈਂਦੀਆਂ ਅਤੇ ਸੌਚੀਆਂ ਚੜ੍ਹਦੀਆਂ। ਦੇਸੀ ਖੇਡਾਂ ਦਾ ਉਹ ਰੰਗਲਾ ਰੋਮਾਂਸ ਤਰੱਕੀ ਦੀ ਦੌੜ ਵਿੱਚ ਲੋਪ ਹੋਈ ਜਾ ਰਿਹਾ ਹੈ। ਜਿਹੜਾ ਬੰਦਾ ਕਿਰਤ ਤੇ ਕਸਰਤ ਦੇ ਲੜ ਲੱਗਾ ਹੋਵੇ ਉਹਤੋਂ ਕੁਦਰਤ ਵੀ ਬਲਿਹਾਰੇ ਜਾਂਦੀ ਹੈ। ਉਹ ਉਸ ਨੂੰ ਲੰਬੀ ਉਮਰ ਬਖਸ਼ਦੀ ਹੈ। ਅਜਿਹਾ ਵਿਅਕਤੀ ਆਮ ਬਿਮਾਰੀਆਂ-ਠੁਮਾਰੀਆਂ ਤੋਂ ਬਚਿਆ ਰਹਿੰਦਾ ਤੇ ਸੁਖੀ ਤੇ ਸੰਤੁਸ਼ਟ ਜੀਵਨ ਭੋਗਦਾ ਹੈ। ਕਿਰਤ ਤੇ ਕਸਰਤ ਕਰਨ ਨਾਲ ਨੌਜਵਾਨ ਨਸ਼ਿਆਂ ਦੀ ਲੱਤ ਤੋਂ ਬਚ ਸਕਦੇ ਹਨ। ਜੁੱਸੇ ਤਕੜੇ ਤੇ ਹੰਢਣਸਾਰ ਬਣਾ ਕੇ ਖੇਡਾਂ ਦੇ ਮੈਡਲ ਜਿੱਤ ਸਕਦੇ ਹਨ। ਸਰੀਰਕ ਕਸਰਤ ਕਰਨ ਦੀ ਜਿੰਨੀ ਜ਼ਰੂਰਤ ਇੱਕੀਵੀਂ ਸਦੀ ਵਿੱਚ ਹੈ, ਓਨੀ ਪਹਿਲੀਆਂ ਸਦੀਆਂ ਵਿੱਚ ਨਹੀਂ ਸੀ। ਪਹਿਲਾਂ ਏਨੀਆਂ ਮਸ਼ੀਨਾਂ ਮਨੁੱਖ ਦੀ ਸੌਖ ਲਈ ਈਜਾਦ ਨਹੀਂ ਸਨ ਹੋਈਆਂ। ਹੱਥੀਂ ਕਿਰਤ ਕਰਨੀ ਅਤੇ ਪੈਰੀਂ ਪੈਂਡਾ ਮਾਰਨਾ ਮਨੁੱਖ ਦੀ ਮਜਬੂਰੀ ਸੀ। ਇਹ ਮਜਬੂਰੀ ਮਨੁੱਖ ਲਈ ਕੁਦਰਤੀ ਵਰਦਾਨ ਸਾਬਤ ਹੁੰਦੀ ਰਹੀ।

ਜਦੋਂ ਮੈਂ ਖੇਡਾਂ ਅਤੇ ਖਿਡਾਰੀਆਂ ਬਾਰੇ ਲਿਖਣਾ ਸ਼ੁਰੂ ਕੀਤਾ ਸੀ ਉਦੋਂ ਪੰਜਾਬੀ ਵਿੱਚ ਖੇਡ ਪੁਸਤਕਾਂ ਨਹੀਂ ਸਨ ਹੁੰਦੀਆਂ। ਮੇਰੇ ਵੇਖਦਿਆਂ-ਵੇਖਦਿਆਂ ਕਾਫੀ ਸਾਰੀਆਂ ਪੰਜਾਬੀ ਖੇਡ ਪੁਸਤਕਾਂ ਪ੍ਰਕਾਸ਼ਿਤ ਹੋਈਆਂ ਜਿਨ੍ਹਾਂ ਦੀ ਗਿਣਤੀ ਹੁਣ 100 ਤੋਂ ਟੱਪ ਚੁੱਕੀ ਹੈ। ਉਨ੍ਹਾਂ ਵਿੱਚ 22-23 ਖੇਡ ਪੁਸਤਕਾਂ ਤਾਂ ਮੇਰੀਆਂ ਆਪਣੀਆਂ ਹੀ ਹਨ। ਉਂਜ ਮੈਂ ਤਿੰਨ ਦਰਜਨ ਤੋਂ ਵੱਧ ਪੁਸਤਕਾਂ ਛਪਵਾ ਚੁੱਕਾ ਹਾਂ। ਕਦੇ ਮੈਂ ਕਿਸੇ ਸਾਹਿਤਕ ਗੋਸ਼ਟੀ ਵਿੱਚ ਕਿਹਾ ਸੀ, ''ਤੁਸੀਂ ਸਾਨੂੰ ਸਾਹਿਤਕਾਰ ਨਹੀਂ ਸਮਝਦੇ ਤਾਂ ਨਾ ਸਮਝੋ, ਚਲੋ ਸਿਹਤਕਾਰ ਹੀ ਸਮਝ ਲਓ। ਜੇਕਰ ਸਾਡੇ 'ਚ ਦਮ ਹੋਇਆ ਤਾਂ ਅਸੀਂ ਪੰਜਾਬੀ ਵਿੱਚ ਖੇਡ ਅਦਬ ਦੀ ਵੱਖਰੀ ਅਲਮਾਰੀ ਸ਼ਿੰਗਾਰ ਕੇ ਵਿਖਾਵਾਂਗੇ।'' ਖੇਡਾਂ ਦਾ ਖੇਤਰ ਅਸਗਾਹ ਹੈ ਜਿਸ ਵਿੱਚ 'ਮੇਰੀ ਖੇਡ ਲੇਖਣੀ ਦੀ ਮੈਰਾਥਨ ਅਜੇ ਵੀ ਜਾਰੀ ਹੈ। ਇਹ ਮੈਰਾਥਨ ਤਦ ਤੱਕ ਜਾਰੀ ਰਹੇਗੀ ਜਦ ਤੱਕ ਡਿੱਗ ਨਹੀਂ ਪੈਂਦਾ।



ਗੁਰਦੁਆਰਾ ਛੋਟਾ ਨਾਨਕਿਆਣਾ, ਮਾਂਗਾ, ਲਾਹੌਰ

ਇਹ ਪਾਵਨ ਅਸਥਾਨ ਲਾਹੌਰ ਤੋਂ ਮੁਲਤਾਨ ਜਾਣ ਵਾਲੀ ਸੜਕ ਉੱਤੇ, ਜ਼ਿਲਾ ਲਾਹੌਰ ਦੇ ਆਖਰੀ ਕਸਬੇ ਮਾਂਗਾ ਦੇ ਸਟਾਪ ਤੋਂ ਕੋਈ ਡੇਢ ਕਿਲੋਮੀਟਰ ਪਹਿਲੋਂ ਆਉਂਦਾ ਹੈ।ਪੁਲਸ ਥਾਣਾ ਮਾਂਗਾ ਦੀ ਕੰਧ ਇਸ ਪਾਵਨ ਅਸਥਾਨ ਨਾਲ ਸਾਂਝੀ ਹੈ।ਸਤਿਗੁਰ ਨਾਨਕ ਦੇਵ ਜੀ ਮਾਂਗਾ ਨਿਵਾਸੀਆਂ ਨੂੰ ਗੁਰ ਸਿੱਖਿਆ ਦੇਣ ਲਈ ਇੱਥੇ ਪਧਾਰੇ, ਜਿੱਥੇ ਆਪ ਠਹਿਰੇ, ਸੰਗਤਾਂ ਨੇ ਉਸ ਥਾਂ ਇੱਕ ਆਲੀਸ਼ਾਨ ਗੁਰਦੁਆਰਾ ਬਣਵਾ ਦਿੱਤਾ।ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਪਾਵਨ ਅਸਥਾਨ ਦੇ ਦਰਸ਼ਨਾਂ ਨੂੰ ਮੀਰੀ ਪੀਰੀ ਦੇ ਪਾਤਿਸ਼ਾਹ ਵੀ ਆਏ ਸਨ।ਸਰੋਵਰ ਬਹੁਤ ਹੀ ਵਿਸ਼ਾਲ ਅਤੇ ਚੰਗੀ ਹਾਲਤ ਵਿੱਚ ਹੈ।ਵਿਸਾਖੀ ਦਾ ਮੇਲਾ ਬਹੁਤ ਭਰਵਾਂ ਲਗਦਾ ਹੁੰਦਾ ਸੀ।ਇਹ ਮੇਲਾ ਪਹਿਲੀ ਤੋਂ ਦੋ ਤਰੀਕ ਨੂੰ ਪਿੰਡ ਤਲਾਬ ਸਿਰਾਏ ਅਤੇ 3 ਨੂੰ ਇਸੇ ਥਾਂ ਲਗਦਾ ਸੀ।ਇਸ ਮੇਲੇ ਦਾ ਪ੍ਰਬੰਧ ਜਾਗੀਰਦਾਰ ਹਾਕਮ ਸਿੰਘ ਤਲਾਬ ਸਿਰਾਏ ਕਰਦਾ ਹੁੰਦਾ ਸੀ, ਗੁਰਦੁਆਰੇ ਦੇ ਨਾਂ 500 ਘੁਮਾਂ ਜਮੀਨ ਹੈ।1947 ਵੇਲੇ ਇਸ ਪਾਵਨ ਅਸਥਾਨ ਵਿੱਚ ਮੇਵਾਤ ਤੋਂ ਆਏ ਸ਼ਰਨਾਰਥੀਆਂ ਨੂੰ ਰੱਖਿਆ ਗਿਆ, ਉਹ ਕੁਝ ਮਹੀਨੇ ਇੱਥੇ ਰਹੇ।ਇੱਕ ਦਿਨ ਅਚਨਚੇਤ ਅੱਗ ਲੱਗ ਗਈ ਜਿਸ ਨਾਲ ਇਮਾਰਤ ਨੂੰ ਬਹੁਤ ਨੁਕਸਾਨ ਪਹੁੰਚਿਆ, ਹੁਣ ਇਮਾਰਤ ਉਸੇ ਹਾਲ ਵਿੱਚ ਹੈ। ਮੱਛੀ ਪਾਲ ਮਹਿਕਮੇ ਨੇ ਇੱਥੇ ਇੱਕ ਵੱਡਾ ਬਾਗ ਲਗਵਾਇਆ ਹੈ ਅਤੇ ਇਸ ਬਾਗ ਵਿੱਚ ਵੱਖੋ ਵੱਖ ਕੱਚੇ ਪੱਕੇ ਤਾਲ ਖੁਦਵਾ ਕੇ ਉਨ੍ਹਾਂ ਵਿੱਚ ਮੱਛੀ ਪਾਲੀ ਹੋਈ ਹੈ।

# ਨਾਗਰਿਕਤਾ ਸੋਧ ਬਿੱਲ ਫਾਸ਼ੀਵਾਦ ਵਾਂਗ

-ਮਨੀਸ਼ ਤਿਵਾੜੀ

ਫਾਸ਼ੀਵਾਦ ਇੱਕ ਪੱਖਪਾਤੀ ਦਰਸ਼ਨ ਸ਼ਾਸਤਰ ਹੈ, ਜਿਸ ਦਾ ਗਠਨ ਇੱਕ ਸੱਤਾਵਾਦੀ ਤਾਨਾਸ਼ਾਹ ਦੇ ਅਧੀਨ ਕੀਤਾ ਗਿਆ ਸੀ। ਇਹ ਅਖੰਡ ਅਤੇ ਬਾਈਕਾਟ ਕਰਨ ਦੇ ਨਿਯਮ ਦੀ ਧਾਰਨਾ ਦੀ ਪਾਲਣਾ ਕਰਦਾ ਹੈ। ਨਾਗਰਿਕਤਾ ਸੋਧ ਬਿੱਲ 2019 ਦਾ ਨੈਸ਼ਨਲ ਰਜਿਸਟਰ ਆਫ ਸਿਟੀਜ਼ਨਸ਼ਿਪ ਦੇ ਨਾਲ ਸੰਯੋਜਿਤ ਕਰਨਾ ਫਾਸ਼ੀਵਾਦ ਹੈ। ਇਹ ਬਦਨਾਮੀ ਭਰਿਆ ਪ੍ਰਗਟਾਵਾ ਹੈ। ਇਹ ਬਿੱਲ ਸੰਵਿਧਾਨਵਾਦ ਦੇ ਮੁੱਖ ਸਿਧਾਂਤ ਦਾ ਨਿਰਾਦਰ ਹੈ। ਭਾਰਤੀ ਸੰਵਿਧਾਨ ਦੀ ਧਾਰਾ 14, 15, 16, 21, 25 ਅਤੇ 26 ਦੀ ਉਲੰਘਣਾ ਕਰਦਾ ਹੈ। ਇਸ ਤੋਂ ਇਲਾਵਾ ਸੁਪਰੀਮ ਕੋਰਟ ਵੱਲੋਂ 1973 ਵਿੱਚ ਰਿਕੇਸ਼ਵਨੰਦਾ ਭਾਰਤੀ ਮਾਮਲੇ ਵਿੱਚ ਵਿਕਸਿਤ ਮੂਲ ਢਾਂਚੇ ਦੇ ਸਿਧਾਂਤਾਂ ਦੀ ਅਣਦੇਖੀ ਕਰਦਾ ਹੈ। ਉਸ ਤੋਂ ਬਾਅਦ ਤੋਂ ਲੈ ਕੇ ਸੁਪਰੀਮ ਕੋਰਟ ਨੇ ਵਿਵਸਥਾਵਾਂ ਦੀ ਲੜੀ ਰਾਹੀਂ ਇਸ ਨੂੰ ਕਾਇਮ ਰੱਖਿਆ। ਇਹ ਬਿੱਲ ਸਾਡੇ ਕੌਮਾਂਤਰੀ ਫਰਜ਼ਾਂ ਦੀ ਵੀ ਉਲੰਘਣਾ ਹੈ ਅਤੇ ਭਾਰਤੀ ਪਰੰਪਰਾ ਦੇ ਵਿਰੁੱਧ ਹੈ।

ਨਾਗਰਿਕਤਾ ਦੀ ਧਾਰਨਾ ਸਭ ਤੋਂ ਪਹਿਲਾਂ ਪੁਰਾਤਨ ਗ੍ਰੀਸ ਦੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਜਾਗੀ, ਜਿੱਥੇ ਇਹ ਆਪਣੇ ਮੌਲਿਕ ਰੂਪ ਵਿੱਚ ਸਮਾਜ ਦੇ ਵਿਸ਼ੇਸ਼ ਅਧਿਕਾਰ ਵਾਲੇ ਹਿੱਸਿਆਂ ਵਿੱਚ ਲਾਗੂ ਕੀਤੀ ਗਈ। 1948 ਵਿੱਚ ਵੇਸਟਫੇਲਿਆ ਦੀ ਸੰਧੀ ਦੌਰਾਨ ਨਾਗਰਿਕਤਾ ਅਤੇ ਰਾਸ਼ਟਰੀਅਤਾ ਦੇ ਨਾਲ ਪ੍ਰਭੂਸੱਤਾ ਦੀ ਧਾਰਨਾ ਨੂੰ ਜ਼ਾਬਤਾਬੱਧ ਕੀਤਾ। ਆਧੁਨਿਕ ਨਾਗਰਿਕਤਾ ਦੀ ਧਾਰਨਾ ਨੇ 18ਵੀਂ ਸਦੀ ਵਿੱਚ ਅਮਰੀਕੀ ਅਤੇ ਫਰਾਂਸੀਸੀ ਕ੍ਰਾਂਤੀਆਂ ਦੌਰਾਨ ਰਫਤਾਰ ਫੜੀ। ਇਸ ਤੋਂ ਬਾਅਦ 1815 ਵਿੱਚ ਵਿਆਨਾ ਦੀ ਕਾਂਗਰਸ ਵਿੱਚ ਇਸ ਨੇ ਸਪੱਸ਼ਟ ਤੌਰ 'ਤੇ ਫਿਰ ਤੇਜ਼ੀ ਫੜੀ, ਜਿੱਥੇ ਨਾਗਰਿਕ ਦਾ ਮਤਲਬ ਸਮਝਾਇਆ ਗਿਆ ਅਤੇ ਸੁਝਾਇਆ ਗਿਆ ਕਿ ਨਾਗਰਿਕ ਉਹ ਹੈ, ਜਿਸ ਦੇ ਕਬਜ਼ੇ ਵਿੱਚ ਨਿਸ਼ਚਿਤ ਸੁਤੰਤਰਤਾ ਹੁੰਦੀ ਹੈ।




1947 ਵਿੱਚ ਜਦੋਂ ਭਾਰਤ ਨੇ ਆਜ਼ਾਦੀ ਹਾਸਲ ਕੀਤੀ, ਉਦੋਂ ਚੁਣੀ ਹੋਈ ਅਸੈਂਬਲੀ ਨੇ ਆਪਣਾ ਵਧੇਰੇ ਸਮਾਂ ਸੰਵਿਧਾਨ ਦੀ ਕਿਸੇ ਹੋਰ ਧਾਰਾ ਨੂੰ ਡਰਾਫਟ ਕਰਨ ਤੋਂ ਵੱਧ ਰਾਸ਼ਟਰੀਅਤਾ ਅਤੇ ਨਾਗਰਿਕਤਾ ਨਾਲ ਸੰਬੰਧਤ ਵਿਵਸਥਾਵਾਂ 'ਤੇ ਗੁਜ਼ਾਰਿਆ। ਅਸਲ ਵਿੱਚ 10 ਅਗਸਤ 1949 ਵਿੱਚ ਡਾਕਟਰ ਭੀਮਰਾਓ ਅੰਬੇਡਕਰ ਨੇ ਵਰਣਨ ਕੀਤਾ ਕਿ ਕਿਸੇ ਹੋਰ ਧਾਰਾ ਨੂੰ ਛੱਡ ਕੇ ਮੈਨੂੰ ਨਹੀਂ ਲੱਗਦਾ ਕਿ ਡਰਾਫਟਿੰਗ ਕਮੇਟੀ ਨੂੰ ਇਸ ਵਿਸ਼ੇਸ਼ ਧਾਰਾ ਬਾਰੇ ਇੰਨੀ ਸਿਰਦਰਦੀ ਹੋਈ। ਸਾਡੇ ਸੰਵਿਧਾਨ ਦੀ ਧਾਰਾ ਪੰਜ ਤੋਂ 11 ਦੇ ਚੈਪਟਰ ਦੋ ਵਿੱਚ ਸਪੱਸ਼ਟ ਹੈ ਕਿ ਭਾਰਤ ਵਿੱਚ ਨਾਗਰਿਕਤਾ ਲਈ ਦੋ ਆਧਾਰ ਹਨ। ਇੱਕ, ਜਸ ਸੋਲੀ (ਭੂਗੋਲਿਕ) ਅਤੇ ਜਸ ਸੰਗੁਨਿਸ (ਖ਼ੂਨ ਨਾਲ ਸੰਬੰਧਤ)। ਉਸ ਤੋਂ ਬਾਅਦ 1955 ਵਿੱਚ ਸਿਟੀਜ਼ਨਸ਼ਿਪ ਐਕਟ ਵਿੱਚ ਦੋ ਹੋਰ ਆਧਾਰ ਜੋੜੇ ਗਏ। ਇਹ ਦੱਸਿਆ ਗਿਆ ਕਿ ਜਨਮ ਅਤੇ ਵੰਸ਼ ਤੋਂ ਇਲਾਵਾ ਰਜਿਸਟਰੇਸ਼ਨ ਅਤੇ ਨਾਗਰਿਕਤਾ ਦੇਣ ਦਾ ਆਧਾਰ ਕਿਹਾ ਜਾਵੇਗਾ। ਫਿਰ 1957, 1960, 1985, 1992, 2003, 2005 ਅਤੇ 2015 ਵਿੱਚ ਬਿਨਾਂਰੌਲੇ ਰੱਪੇ ਦੇ 1955 ਦੇ ਸਿਟੀਜ਼ਨਸ਼ਿਪ ਐਕਟ ਵਿੱਚ ਅੱਠ ਵਾਰ ਸੋਧ ਕੀਤੀ ਗਈ।

ਅਸਲ ਵਿੱਚ ਇਹ ਬਿੱਲ ਬੇਅਰਥ ਹੈ। ਜਿੱਥੇ ਇਹ ਬੰਗਲਾ ਦੇਸ਼ ਲਈ ਵੱਖਰੀ ਧਾਰਨਾ ਅਪਣਾਉਂਦਾ ਹੈ, ਉਥੇ ਭੂਟਾਨ ਤੇ ਨੇਪਾਲ ਲਈ ਵੱਖਰਾ। ਉਧਰ ਮਾਲਦੀਵ, ਸ੍ਰੀਲੰਕਾ ਅਤੇ ਅਫਗਾਨਿਸਤਾਨ ਵਿੱਚ ਫਰਕ ਰੱਖਦਾ ਹੈ। ਸਰਕਾਰ ਦਾ ਦਾਅਵਾ ਹੈ ਕਿ ਇਹ ਬਿੱਲ ਉਨ੍ਹਾਂ ਦੇਸ਼ਾਂ 'ਤੇ ਲਾਗੂ ਹੁੰਦਾ ਹੈ, ਜਿਨ੍ਹਾਂ ਦਾ ਰਾਸ਼ਟਰੀ ਧਰਮ ਇਸਲਾਮ ਹੈ। ਜੇ ਅਜਿਹਾ ਹੈ ਤਾਂ ਮਾਲਦੀਵ ਵੀ ਇਸਲਾਮਿਕ ਦੇਸ਼ ਹੈ, ਜਿਵੇਂ ਉਸ ਦੇ ਸੰਵਿਧਾਨ ਦੀ ਧਾਰਾ 10 ਹੇਠ ਦੇਖਿਆ ਜਾ ਸਕਦਾ ਹੈ। ਇਹ ਬਿੱਲ ਮਾਲਦੀਵ ਵਿੱਚ ਰਹਿ ਰਹੇ ਜਿਵੇਂ ਘੱਟ ਗਿਣਤੀਆਂ ਨੂੰ ਉਹੀ ਸਹੂਲਤਾਂ ਮੁਹੱਈਆ ਨਹੀਂ ਕਰਦਾ, ਜਿਵੇਂ ਕਿ ਪਾਕਿਸਤਾਨ, ਬੰਗਲਾ ਦੇਸ਼ ਅਤੇ ਅਫਗਾਨਿਸਤਾਨ ਦੇ ਘੱਟਗਿਣਤੀ ਲੋਕਾਂ ਨੂੰ ਕਰਦਾ ਹੈ।

ਇਹ ਬਿੱਲ ਧਾਰਾ 14 ਦੇ ਤਹਿਤ ਉਚਿਤ ਵਰਗੀਕਰਨ ਦੇ ਸਿਧਾਂਤਾਂ ਵਿਰੁੱਧ ਹੈ। ਉਚਿਤ ਵਰਗੀਕਰਨ ਦਾ ਪਹਿਲਾ ਸਿਧਾਂਤ ਇਹ ਹੈ ਕਿ ਬਰਾਬਰ ਨੂੰ ਨਾ-ਬਰਾਬਰ ਨਹੀਂ ਕਿਹਾ ਜਾ ਸਕਦਾ। ਜੇ ਕੋਈ ਭਾਰਤ ਵਿੱਚ ਪਨਾਹ ਲੈਣ ਲਈ ਕਹਿੰਦਾ ਹੈ ਤਾਂ ਉਸ ਨੂੰ ਪਨਾਹ ਜਾਂ ਨਾਗਰਿਕਤਾ ਦੇਣ ਲਈ ਉਸ ਦਾ ਨਿਰਧਾਰਨ ਧਰਮ ਦੇ ਆਧਾਰ 'ਤੇ ਨਹੀਂ ਕਰ ਸਕਦੇ।

ਇਹ ਬਿੱਲ ਭਾਰਤੀ ਰਵਾਇਤਾਂ ਦੇ ਵਿਰੁੱਧ ਹੈ। ਜਦੋਂ ਪਾਰਸੀਆਂ ਨੇ ਧਾਰਮਿਕ ਜ਼ੁਲਮਾਂ ਕਾਰਨ ਪਰਸ਼ੀਆ (ਮੌਜੂਦਾ ਈਰਾਨ ਅਤੇ ਇਰਾਕ) ਨੂੰ ਛੱਡ ਕੇ ਸੰਜਨ ਦੇ ਭਾਰਤੀ ਤੱਟਾਂ 'ਤੇ ਪਨਾਹ ਲਈ ਅਤੇ ਉਨ੍ਹਾਂ ਨੂੰ ਗੁਜਰਾਤ ਦੇ ਸਮਰਾਟ ਯਾਦਵ ਰਾਣਾ ਨੇ ਇੱਕ ਦੁੱਧ ਨਾਲ ਉਪਰ ਤੱਕ ਭਰਿਆ ਕਟੋਰਾ ਭੇਜਿਆ, ਜਿਸ ਦਾ ਮਤਲਬ ਸੀ ਕਿ ਸਮਰਾਟ ਪਾਰਸੀ ਭਾਈਚਾਰੇ ਨੂੰ ਆਪਣੇ ਇਥੇ ਪਨਾਹ ਨਹੀਂ ਦੇ ਸਕਦਾ। ਪਾਰਸੀਆਂ ਨੇ ਉਸੇ ਦੁੱਧ ਦੇ ਕਟੋਰੇ ਵਿੱਚ ਖੰਡ ਮਿਲਾ ਕੇ ਇਹ ਸੰਦੇਸ਼ ਦੇਣਾ ਚਾਹਿਆ ਕਿ ਜਿਵੇਂ ਖੰਡ ਦੁੱਧ ਵਿੱਚ ਘੁਲ-ਮਿਲ ਜਾਵੇਗੀ, ਉਵੇਂ ਹੀ ਪਾਰਸੀ ਸਥਾਨਕ ਆਬਾਦੀ ਨੂੰ ਬਿਨਾਂ ਕੋਈ ਪਰੇਸ਼ਾਨੀ ਦਿੱਤੇ ਇਥੇ ਵਸ ਜਾਣਗੇ। ਸਦੀਆਂ ਤੋਂ ਬਿਨਾਂ ਪ੍ਰੇਸ਼ਾਨੀ ਦੇ ਭਾਰਤ ਹਮਲਾਵਰਾਂ, ਪਰਵਾਸੀਆਂ, ਵਪਾਰੀਆਂ, ਪ੍ਰਚਾਰਕਾਂ ਅਤੇ ਹੋਰਨਾਂ ਨੂੰ ਭਾਰਤੀਅਤਾ ਦੀ ਪਛਾਣ ਗੁਆਏ ਬਿਨਾਂ ਉਨ੍ਹਾਂ ਨੂੰ ਪਨਾਹ ਦਿੰਦਾ ਰਿਹਾ। ਸਰਕਾਰ ਨੂੰ ਭੇਦਭਾਵ ਕਰਨ ਵਾਲੇ ਅਜਿਹੇ ਬਿੱਲ ਦੀ ਥਾਂ ਇੱਕ ਵਿਸਥਾਰਤ ਬਿੱਲ ਆਉਣਾ ਚਾਹੀਦਾ ਸੀ, ਜੋ ਗੈਰ ਕਾਨੂੰਨੀ ਪਰਵਾਸੀਆਂ ਅਤੇ ਸ਼ਰਨਾਰਥੀਆਂ 'ਚ ਭੇਦ ਕਰ ਸਕਦਾ। ਤਦ ਸਰਕਾਰ ਨੂੰ ਹਰ ਕੇਸ ਦੇ ਹਿਸਾਬ ਨਾਲ ਨਾਗਰਿਕਤਾ ਮੁਹੱਈਆ ਕਰਨੀ ਚਾਹੀਦੀ ਹੈ। ਅਜਿਹਾ ਕਰਨਾ ਉਚਿਤ ਹੀ ਹੋਵੇਗਾ ਅਤੇ ਭਾਰਤ ਦੀ ਧਰਮ ਨਿਰਪੱਖਤਾ ਵਾਲੀ ਮਾਣਮੱਤੀ ਪਰੰਪਰਾ ਵੀ ਕਾਇਮ ਰਹੇਗੀ ਅਤੇ ਲੋਕਤੰਤਰੀ ਸਾਖ ਨੂੰ ਹੋਰ ਚਾਰ ਚੰਨ ਲੱਗਣਗੇ। ਨਾਗਰਿਕਤਾ ਸੋਧ ਬਿੱਲ ਦਾ ਮੁੱਖ ਮੰਤਵ ਫੇਲ੍ਹ ਹੋ ਚੁੱਕੇ ਨੈਸ਼ਨਲ ਰਜਿਸਟਰ ਆਫ ਸਿਟੀਜ਼ਨਜ਼ ਦੇ ਨਾਲ ਸੰਯੋਜਿਤ ਕਰਨਾ ਹੈ। ਅਜਿਹੇ 124 ਕਰੋੜ ਭਾਰਤੀਆਂ ਦੇ ਦਰਮਿਆਨ ਉਨ੍ਹਾਂ ਦੀ ਸਹਿਮਤੀ ਨੂੰ ਲੈ ਕੇ ਘਬਰਾਹਟ ਪੈਦਾ ਹੋ ਗਈ। ਅਜਿਹਾ ਕਰਨ ਨਾਲ ਸਰਕਾਰ ਨੇ ਆਰਥਿਕ ਮੰਦੀ ਅਤੇ ਹੋਰਨਾਂ ਪ੍ਰੇਸ਼ਾਨੀਆਂ ਤੋਂ ਲੋਕਾਂ ਦਾ ਧਿਆਨ ਹਟਾਉਣ ਦਾ ਆਡੰਬਰ ਵੀ ਰਚਿਆ ਹੈ।

# ਅਸਲੀ ਇਨਸਾਨ

-ਸੁਖਦੇਵ ਸਿੰਘ ਮਾਨ

ਨਾਂ ਉਸ ਦਾ ਵੀਰੋ ਸੀ ਪਰ ਦੂਜਿਆਂ ਦੀ ਦੇਖਾ ਦੇਖੀ ਮੈਂ ਵੀ ਉਸ ਦਾ ਅੱਲ ਵਾਲਾ ਨਾਂ ਚੁਟਕੀ ਬੋਲਦਾ। ਚੁਟਕੀ ਮੈਥੋਂ ਚਾਰ ਸਾਲ ਵੱਡੀ ਸੀ, ਪਰ ਰਿਸ਼ਤਿਆਂ ਦੀ ਪੇਂਡੂ ਦਰਜਾਬੰਦੀ ਮੁਤਬਿਕ ਮੈਂ ਉਸ ਦਾ ਚਾਚਾ ਲੱਗਦਾ ਸੀ। ਜਦੋਂ ਮੈਂ ਚੁਟਕੀ ਨਾਲ ਪੀਚੋ ਬੱਕਰੀ ਖੇਡਦਾ ਤੇ ਰੇਖਾ ਉਤੇ ਅੱਡੀ ਟਿਕਣ ਕਾਰਨ ਝਗੜਾ ਪੈ ਜਾਂਦਾ ਤਾਂ ਚੁਟਕੀ ਦਾ ਆਖ਼ਿਰੀ ਹਥਿਆਰ ਹੁੰਦਾ, ''ਚਾਚਾ, ਤੂੰ ਰੌਲੀ ਪਾ ਰਿਹੈ।'' ਮੈਂ ਸੰਗ ਜਾਂਦਾ, ਚੁਟਕੀ ਦੇ ਮੂੰਹੋਂ ਚਾਚਾ ਸ਼ਬਦ ਮੈਨੂੰ ਅਜੀਬ ਜਿਹਾ ਲੱਗਦਾ।

ਮੇਰੀ ਮਾਂ ਤਾਉਮਰ ਚੁਟਕੀ ਨੂੰ ਅਸੀਸਾਂ ਦਿੰਦੀ ਰਹੀ ਸੀ, ਕਿਉਂਕਿ ਚੁਟਕੀ ਨੇ ਮੈਨੂੰ ਮੁਸੀਬਤ ਬਣੀ ਤੋਂ ਦੋ ਵਾਰ ਬਚਾਇਆ ਸੀ। ਪਹਿਲੀ ਵਾਰ ਚੁਟਕੀ ਦੇ ਵਿਆਹ ਵੇਲੇ ਦੀ ਗੱਲ ਸੀ। ਬੜੀ ਛੋਟੀ ਉਮਰ ਵਿੱਚ ਉਸ ਦੀ ਹੁੰਦੜਹੇਲ ਭੈਣ ਦੇ ਨਾਲ ਹੀ ਚੁਟਕੀ ਦੀਆਂ ਲਾਵਾਂ ਦੇ ਦਿੱਤੀਆਂ। ਚੁਟਕੀ ਦੀ ਡੋਲੀ ਵਜੋਂ ਆਈ ਖਟਾਰਾ ਜਿਹੀ ਕਾਰ ਕੋਲ ਜਵਾਕਾਂ ਦੀ ਭੀੜ ਵਿੱਚ ਮੈਂ ਸੋਟ ਵਜੋਂ ਸੁੱਟੇ ਜਾਣ ਵਾਲੇ ਆਨਿਆਂ ਲਈ ਆੜਿਆਂ ਖੜ੍ਹਾ ਸੀ। ਪੈਸਿਆਂ ਦੀ ਵਾਢੜ ਹੋਈ ਤਾਂ ਮੈਂ ਜਵਾਕਾਂ ਦੀ ਭੀੜ ਥੱਲੇ ਦੱਬਿਆਂ ਗਿਆ। ਮੇਰੇ ਗੋਡੇ ਛਿੱਲੇ ਗਏ। ਮੇਰੀਆਂ ਚੀਕਾਂ ਸੁਣ ਕੇ ਡੋਲੀ ਚੜ੍ਹਦੀ ਚੁਟਕੀ ਨੇ ਖੁਦ ਦਾ ਰੋਣਾ ਬੰਦ ਕਰ ਮੈਨੂੰ ਚੁੱਪ ਕਰਾਇਆ। ਦੂਜੀ ਵਾਰ ਦੀ ਗੱਲ ਵੀ ਸੁਣੋ। ਮੈਂ ਉਦੋਂ ਤੇਰਾਂ ਕੁ ਸਾਲ ਦਾ ਸੀ। ਸਾਡੇ ਮੌੜ ਕਲਾਂ ਦੇ ਗੁਰੂ ਘਰ ਵਿੱਚ ਬਣੇ ਤਲਾਅ ਵਿੱਚ ਤ੍ਰੀਮਤਾਂ ਲਈ ਬਣੇ ਪਰਦੇ ਦੀ ਕੰਧ ਤੇ ਚੜ੍ਹ ਕੇ ਛਾਲ ਮਾਰ ਦਿੱਤੀ। ਤਰਨਾ ਮੈਂ ਨਹੀਂ ਸੀ ਜਾਣਦਾ। ਡੁੱਬਣ ਲੱਗਾ ਤਾਂ ਚੁਟਕੀ ਨੇ ਰੌਲਾ ਪਾ ਦਿੱਤਾ। ਮੇਰੇ ਗਜ਼-ਗਜ਼ ਵਧੇ ਕੇਸ ਜਦੋਂ ਰਤਾ ਪਾਣੀ ਤੋਂ ਬਾਹਰ ਦਿਸੇ ਤਾਂ ਚੁਟਕੀ ਨੇ ਮੈਨੂੰ ਪੌੜੀਆਂ ਉਤੇ ਧੂਹ ਲਿਆ। ਤੌੜੇ ਉਤੇ ਮੂਧਾ ਪਾ ਕੇ ਪੇਟ ਅੰਦਰ ਗਿਆ ਪਾਣੀ ਬਾਹਰ ਕਰ ਦਿੱਤਾ।

ਚੁਟਕੀ ਨੂੰ ਹਰੀ ਕ੍ਰਾਂਤੀ ਦੇ ਭਰਮ ਜਾਲ ਕਾਰਨ ਕਰਜ਼ੇ ਵਿੱਚ ਡੁੱਬੇ ਸਹੁਰੇ ਮਿਲੇ। ਪਹਿਲਾਂ ਇੱਕ ਪੁੱਤ ਛੱਡ ਚੁਟਕੀ ਦੇ ਘਰ ਵਾਲਾ ਖ਼ੁਦਕੁਸ਼ੀ ਕਰ ਗਿਆ। ਚੁਟਕੀ ਨੇ ਦੁੱਖ ਸਹਾਰ ਪੁੱਤ ਵਿਆਹ ਲਿਆ। ਦੋ ਮਸੂਮ ਬਾਲੜੀਆਂ ਅਤੇ ਜਵਾਨ ਜਹਾਨ ਘਰ ਵਾਲੀ ਛੱਡ ਚੁਟਕੀ ਦਾ ਪੁੱਤ ਵੀ ਆਪਣੇ ਬਾਪ ਦੇ ਰਾਹ ਤੁਰ ਗਿਆ। ਚੁਟਕੀ ਦਾ ਦੁੱਖ ਵੰਡਾਉਣ ਸਾਡੀ ਪੱਤੀ ਦੇ ਸਾਰੇ ਬੰਦੇ ਗਏ। ਮੈਂ ਸੋਚਦਾ ਰਿਹਾ, ਦੋ ਪੋਤੀਆਂ ਅਤੇ ਜਵਾਨ ਨੂੰਹ ਦਾ ਏਡਾ ਦੁੱਖ ਲੈ ਕੇ ਚੁਟਕੀ ਕੀ ਕਰੇਗੀ? ਇਹ ਵੀ ਹੋ ਸਕਦਾ ਹੈ, ਨੂੰਹ ਦੋ ਪੋਤੀਆਂ ਨੂੰ ਚੁਟਕੀ ਦੀ ਬੁੱਕਲ ਵਿੱਚ ਸੁੱਟ ਕਿਤੇ ਹੋਰ ਘਰ ਵਸਾ ਲਵੇ। ਜ਼ਮਾਨੇ ਦੀ ਹਵਾ ਅਜਿਹੀ ਹੈ, ਔਖ ਵੇਲੇ ਸਭ ਸਾਥ ਛੱਡ ਜਾਂਦੇ ਹਨ। ਕਰਜ਼ੇ ਦੀ ਮਾਰੀ ਚੁਟਕੀ ਪੋਤੀਆਂ ਨੂੰ ਕਿਸ ਬੰਨੇ ਲਾਵੇਗੀ?

ਇੱਕ ਦਿਨ ਚੁਟਕੀ ਮਾਪਿਆਂ ਦੇ ਡਿੱਗਦੇ ਘਰ ਨੂੰ ਦੇਖ ਸਾਡੇ ਘਰ ਵੀ ਆਈ। ਚਾਹ ਪੀ ਉਸ ਗੱਲ ਤੋਰੀ, ''ਚਾਚਾ ਇਹ ਜ਼ਿੰਦਗੀ ਨਾ ਤਾਂ ਨਿਰਾ ਦੁੱਖਾਂ ਦਾ ਘਰ ਹੈ, ਨਾ ਈ ਸੁੱਖਾਂ ਦਾ। ਗੱਲ ਕਿਤੇ ਵਿਚਾਲੇ ਖੜ੍ਹਦੀ ਹੈ। ਦੁੱਖ ਸੁੱਖ ਧੁੱਪ ਛਾਂ ਵਾਂਗ ਨੇ, ਆਉਂਦੇ ਜਾਂਦੇ ਰਹਿੰਦੇ ਨੇ। ਮੇਰੀ ਨੂੰਹ ਨੇ ਮੇਰੇ ਸਾਰੇ ਦੁੱਖ ਆਵਦੀ ਝੋਲੀ ਪਾ ਲਏ। ਪੁੱਤ ਮੁੱਕੇ ਮਗਰੋਂ ਇੱਕ ਦਿਨ ਉਸ ਨੇ ਫ਼ੈਸਲਾ ਸੁਣਾ ਦਿੱਤਾ, ''ਮਾਂ! ਮੈਂ ਛੋਟੇ ਬਲੂਰਾਂ ਨੂੰ ਵਿਲਕਦੇ ਛੱਡ ਕਿਸੇ ਬੇਗਾਨੇ ਚੁੱਲ੍ਹੇ ਤੇ ਨਹੀਂ ਜਾਵਾਂਗੀ। ਤੂੰ ਮੇਰੀ ਧਿਰ ਬਣੀ ਰਹਿ, ਆਪਾਂ ਕਸ਼ਟ ਰਲ ਮਿਲ ਕੇ ਕੱਟ ਲਵਾਂਗੀਆਂ। ਮੇਰੀ ਨੂੰਹ ਨੂੰ ਸਰਕਾਰੀ ਟੀਚਰ ਦੀ ਨੌਕਰੀ ਮਿਲ ਗਈ। ਜਦੋਂ ਉਹ ਬੱਚਿਆਂ ਨੂੰ ਪੜ੍ਹਾ ਕੇ ਘਰ ਪਰਤਦੀ ਹੈ ਤਾਂ ਮੈਨੂੰ ਇੰਜ ਜਾਪਦਾ ਹੈ, ਮੇਰਾ ਮੁੱਕ ਗਿਆ ਪੁੱਤ ਗੁਰਪ੍ਰਤਾਪ ਆ ਗਿਆ..।''

ਕੁਝ ਅਰਸਾ ਪਹਿਲਾਂ ਮੈਂ ਫ਼ਰੀਦਕੋਟ ਪੁਸਤਕ ਮੇਲਾ ਦੇਖਣ ਗਿਆ। ਰੇਲ ਗੱਡੀ ਉਤੇ ਗਿਆ ਸਾਂ। ਮੁਸਾਫ਼ਰਖਾਨੇ ਵਿੱਚ ਨਿਗ੍ਹਾ ਗਈ ਤਾਂ ਦੇਖਿਆ, ਚੁਟਕੀ ਆਪਣੀ ਨੂੰਹ ਅਤੇ ਪੋਤੀਆਂ ਨਾਲ ਬੈਂਚ ਉਤੇ ਬੈਠੀ ਸੀ। ਪੋਤੀਆਂ ਨੰਨ੍ਹੀਆਂ ਪਰੀਆਂ ਜਾਪਦੀਆਂ ਸਨ। ਕੋਈ ਭਿਖਾਰੀ ਨੂੰਹ ਤੋਂ ਹੱਥ ਅੱਡ ਕੇ ਖੈਰਾਤ ਮੰਗ ਰਿਹਾ ਸੀ, ਨੂੰਹ ਨੇ ਚੁਟਕੀ ਦੀ ਮਿਲਣ ਉਤੇ ਭਿਖਾਰੀ ਦੀ ਤਲੀ ਉਤੇ ਨੋਟ ਰੱਖ ਦਿੱਤਾ। ਇਹ ਦੇਖ ਕੇ ਹੀ ਮਨ ਨੂੰ ਤਸੱਲੀ ਹੋ ਗਈ। ਪੁਸਤਕ ਮੇਲੇ ਵਿੱਚੋਂ ਪੈਂਤੀ ਸਾਲ ਪਹਿਲਾਂ ਪੜ੍ਹੇ ਬੋਰਿਸ ਪੋਲੇਵਈ ਦੇ ਨਾਵਲ, 'ਅਸਲੀ ਇਨਸਾਨ ਦੀ ਕਹਾਣੀ' ਮੁੜ ਖਰੀਦਿਆਂ। ਨਾਵਲ ਪੰਨੇ ਪਲਟੇ ਤਾਂ ਪੋਲੇਵਈ ਦਾ ਪਾਇਲਟ ਪਾਤਰ ਜਿਹੜਾ ਸਤਾਰਾਂ ਦਿਨ ਜੰਗਲ ਦੇ ਦੁੱਖ ਝਾਗ ਕੇ ਆਪਣੀ ਮੰਜ਼ਿਲ ਤੇ ਪੁੱਜਦਾ ਹੈ ਅਤੇ ਪੈਰ ਕਟਵਾ ਕੇ ਵੀ ਯੁੱਧ ਲਈ ਵੀ ਤਿਆਰ ਹੁੰਦਾ ਹੈ, ਮੈਨੂੰ ਜਾਪਿਆ ਜਿਵੇਂ ਚੁਟਕੀ ਅੰਦਰ ਅਭੇਦ ਹੋ ਗਿਆ ਹੋਵੇ!

# ਬਾਦਲ ਪਰਵਾਰ ਦੇ ਇਕੱਲੇ ਚੈਨਲ ਤੋਂ ਗੁਰੂ ਘਰੋਂ ਪ੍ਰਸਾਰਨ ਦੀ ਥਾਂ ਸਾਰੇ ਚੈਨਲਾਂ ਨੂੰ ਖੁੱਲ੍ਹ ਦੀ ਮੰਗ

## * ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਵੱਲੋਂ ਜਥੇਦਾਰ ਅਕਾਲ ਤਖਤ ਨੂੰ ਚਿੱਠੀ

ਅੰਮ੍ਰਿਤਸਰ, 17 ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਕੈਬਨਿਟ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਸ੍ਰੀ ਹਰਿਮੰਦਰ ਸਾਹਿਬ ਤੋਂ ਇਕਲੌਤੇ ਚੈਨਲ ਦਾ ਅਧਿਕਾਰ ਖਤਮ ਕਰ ਕੇ ਮੁਫਤ ਤੇ ਹਰ ਸਮੇਂ ਖੁੱਲ੍ਹੇ ਪ੍ਰਸਾਰਨ ਦੀ ਮੰਗ ਕੀਤੀ ਹੈ ਜਿਸ ਬਾਰੇ ਪੰਜਾਬ ਵਿਧਾਨ ਸਭਾ ਦੇ ਇੱਕ ਦਿਨਾਂ ਸੈਸ਼ਨ ਵਿੱਚ ਸਰਬ ਸੰਮਤੀ ਨਾਲ ਮਤਾ ਪਾਸ ਕਰ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਪੀਲ ਕੀਤੀ ਗਈ ਸੀ, ਪਰ ਕਾਫੀ ਦਿਨ ਲੰਘਣ ਪਿੱਛੋਂ ਉਸ ਨੇ ਹੁੰਗਾਰਾ ਨਹੀਂ ਭਰਿਆ। ਵਿਧਾਨ ਸਭਾ ਸੈਸ਼ਨ ਛੇ ਦਸੰਬਰ ਨੂੰ ਬਾਬੇ ਨਾਨਕ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੀ।



ਮੰਤਰੀ ਤ੍ਰਿਪਤ ਰਾਜਿੰਦਰ ਬਾਜਵਾ ਦੇ ਪੱਤਰ ਮੁਤਾਬਕ ਅਕਾਲੀ ਦਲ, ਜਿਸ ਕੋਲ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਵਿੱਚ ਸਪੱਸ਼ਟ ਬਹੁਮਤ ਹੈ, ਨੇ 1996, 2004 ਵਿੱਚ ਸ਼੍ਰੋਮਣੀ ਕਮੇਟੀ ਚੋਣਾਂ ਲਈ ਜਾਰੀ ਕੀਤੇ ਮੈਨੀਫੈਸਟੋ ਪੱਤਰ ਵਿੱਚ ਸਿੱਖ ਸੰਗਤ ਨਾਲ ਵਾਅਦਾ ਕੀਤਾ ਸੀ ਕਿ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਲਈ ਸ਼੍ਰੋਮਣੀ ਕਮੇਟੀ ਆਪਣਾ ਟੀ ਵੀ ਚੈਨਲ ਚਲਾਵੇਗੀ। ਬਾਜਵਾ ਨੇ ਦੁਨੀਆ ਦੇ ਹਰ ਉਸ ਟੀ ਵੀ ਚੈਨਲ ਤੇ ਰੇਡੀਓ ਨੂੰ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਦੀ ਖੁੱਲ੍ਹ ਦੇਣ ਲਈ ਜਥੇਦਾਰ ਅਕਾਲ ਤਖਤ ਨੂੰ ਕਿਹਾ ਹੈ ਕਿ ਉਹ ਇਸ ਬਾਰੇ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਜਾਰੀ ਕਰਨ ਅਤੇ ਐੱਸ ਜੀ ਪੀ ਸੀ ਨੂੰ ਗੁਰਬਾਣੀ ਕੀਰਤਨ ਦਾ ਸਿੱਧਾ ਪ੍ਰਸਾਰਨ ਕਰਨ ਦੇ ਚਾਹਵਾਨ ਟੀ ਵੀ ਚੈਨਲਾਂ ਨੂੰ ਮੁਫਤ ਸਿਗਨਲ ਦੇਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਬਾਜਵਾ ਨੇ ਜਥੇਦਾਰ ਨੂੰ ਲਿਖੇ ਪੱਤਰ ਵਿੱਚ ਕਿਹਾ ਹੈ ਕਿ ਮੇਰੀ ਜਾਣਕਾਰੀ ਮੁਤਾਬਕ ਇਸ ਵੇਲੇ ਸ਼੍ਰੋਮਣੀ ਕਮੇਟੀ ਵੱਲੋਂ ਇੱਕ ਸੀਮਤ ਪ੍ਰਸਾਰਨ ਘੇਰੇ ਅਤੇ ਬਾਦਲ ਪਰਵਾਰ ਦੀ ਮਾਲਕੀ ਵਾਲੇ ਪੰਜਾਬੀ ਚੈਨਲ ਨੂੰ ਕੁਝ ਰਕਮ ਬਦਲੇ ਸ੍ਰੀ ਹਰਿਮੰਦਰ ਸਾਹਿਬ ਤੋਂ ਕੀਰਤਨ ਦੇ ਸਿੱਧੇ ਪ੍ਰਸਾਰਨ ਦੇ ਹੱਕ ਸ਼੍ਰੋਮਣੀ ਕਮੇਟੀ ਦੇ ਦਿੱਤੇ ਹਨ। ਸ਼੍ਰੋਮਣੀ ਕਮੇਟੀ ਦਾ ਇਹ ਫੈਸਲਾ ਕਿਸੇ ਤਰ੍ਹਾਂ ਵੀ ਦਰੁਸਤ ਨਹੀਂ ਕਿਹਾ ਜਾ ਸਕਦਾ। ਗੁਰੂ ਗ੍ਰੰਥ ਸਾਹਿਬ ਦੇ ਹੁਕਮ ਅਨੁਸਾਰ ਸ੍ਰੀ ਬਾਜਵਾ ਨੇ ਕਿਹਾ ਹੈ ਕਿ ਗੁਰਬਾਣੀ ਅਨੁਸਾਰ ਪੈਸਾ ਕਮਾਉਣ ਲਈ ਵਿਦਿਆ ਵੇਚਣਾ ਗਲਤ ਹੈ ਅਤੇ ਮਾਇਆ ਲਈ ਗੁਰਬਾਣੀ ਜਾਂ ਗੁਰਬਾਣੀ ਕੀਰਤਨ ਵੇਚਣਾ ਜਾਇਜ਼ ਨਹੀਂ ਹੋ ਸਕਦਾ। ਦੂਸਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਪਾਰਕ ਅਦਾਰਾ ਨਹੀਂ, ਇਹ ਮਿਸ਼ਨਰੀ ਸੰਸਥਾ ਹੈ ਜਿਸ ਦੀ ਸਥਾਪਨਾ ਸਿੱਖ ਧਰਮ ਦਾ ਪ੍ਰਚਾਰ, ਪ੍ਰਸਾਰ ਤੇ ਸਿੱਖ ਗੁਰਦੁਆਰਾ ਸਾਹਿਬਾਨ ਦੀ ਸੇਵਾ ਸੰਭਾਲ ਵਾਸਤੇ ਕੀਤੀ ਗਈ ਹੈ। ਇਸ ਸਮੇਂ ਸਿਰਫ ਇੱਕ ਚੈਨਲ ਨੂੰ ਗੁਰਬਾਣੀ ਕੀਰਤਨ ਦੇ ਸਿੱਧੇ ਪ੍ਰਸਾਰਨ ਦੇ ਹੱਕ ਦੇ ਕੇ ਸ਼੍ਰੋਮਣੀ ਕਮੇਟੀ ਖੁਦ ਗੁਰਬਾਣੀ ਦੇ ਚੈਨਲ ਨੂੰ ਕੀਰਤਨ ਰਾਹੀਂ ਘਰ ਘਰ ਪਹੁੰਚ ਦੇ ਰਾਹ ਵਿੱਚ ਰੋੜਾ ਬਣ ਰਹੀ ਹੈ।

# ਸਾਬਕਾ ਆਈ ਏ ਐਸ ਪੀਰਜ਼ਾਦਾ ਅਤੇ ਹੋਰਨਾਂ ਖਿਲਾਫ ਚੱਲੇਗਾ ਕੇਸ

ਚੰਡੀਗੜ੍ਹ, 17 ਦਸੰਬਰ (ਪੋਸਟ ਬਿਊਰੋ)- ਧੋਖਾਧੜੀ ਤੇ ਬੇਨਾਮੀ ਪ੍ਰਾਪਰਟੀ ਬਣਾਉਣ ਦੇ ਦੋਸ਼ ਹੇਠ ਸਾਬਕਾ ਆਈ ਏ ਐੱਸ ਗੁਰਨਿਹਾਲ ਸਿੰਘ ਪੀਰਜ਼ਾਦਾ ਅਤੇ ਹੋਰਨਾਂ ਖਿਲਾਫ ਦਾਇਰ ਕੇਸ ਵਿੱਚ ਉਨ੍ਹਾਂ ਖਿਲਾਫ ਕੋਰਟ ਵਿੱਚ ਕੇਸ ਚੱਲੇਗਾ। ਪੀਰਜ਼ਾਦਾ ਆਈ ਏ ਐੱਸ ਸਨ। ਸਰਕਾਰੀ ਕਰਮਚਾਰੀ ਖਿਲਾਫ ਅਦਾਲਤ ਵਿੱਚ ਕੇਸ ਚਲਾਉਣ ਲਈ ਸੰਬੰਧਤ ਵਿਭਾਗ ਤੋਂ ਮਨਜ਼ੂਰੀ ਦੀ ਜ਼ਰੂਰਤ ਹੁੰਦੀ ਹੈ। ਕੱਲ੍ਹ ਹੋਮ ਮਨਿਸਟਰੀ ਨੇ ਪੀਰਜ਼ਾਦਾ ਉੱਤੇ ਕੇਸ ਚਲਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ। ਮਾਮਲੇ ਦੀ ਅਗਲੀ ਸੁਣਵਾਈ ਤਿੰਨ ਜਨਵਰੀ ਨੂੰ ਹੋਵੇਗੀ। ਵਰਨਣ ਯੋਗ ਹੈ ਕਿ ਸੀ ਬੀ ਆਈ ਨੇ ਅਦਾਲਤ ਵਿੱਚ ਇਸ ਕੇਸ ਵਿੱਚ ਦੋਸ਼ੀ ਤਾਮਿਲ ਨਾਡੂ ਕੇਡਰ ਦੇ ਸਾਬਕਾ ਆਈ ਏ ਐੱਸ ਅਫਸਰ ਗੁਰਨਿਹਾਲ ਸਿੰਘ ਪੀਰਜ਼ਾਦਾ ਤੇ ਇੱਕ ਹੋਰ ਦੇ ਖਿਲਾਫ ਦੋ ਸਾਲ ਬਾਅਦ ਚਾਰਜਸ਼ੀਟ ਦਾਇਰ ਕੀਤੀ ਸੀ। ਪੰਜਾਬ-ਹਰਿਆਣਾ ਹਾਈ ਕੋਰਟ ਦੇ ਹੁਕਮਾਂ ਉੱਤੇ ਸੀ ਬੀ ਆਈ ਨੂੰ ਕੇਸ ਦੀ ਜਾਂਚ



ਕਰਨ ਦੇ ਹੁਕਮ ਦਿੱਤੇ ਗਏ ਸਨ। ਓਦੋਂ ਸੀ ਬੀ ਆਈ ਨੇ 18 ਲੋਕਾਂ ਨੂੰ ਕੇਸ ਦਾ ਦੋਸ਼ੀ ਬਣਾਇਆ ਸੀ, ਪਰ ਬਾਅਦ ਵਿੱਚ ਚਾਰਜਸ਼ੀਟ ਵਿੱਚ ਸੀ ਬੀ ਆਈ ਨੇ ਸਿਰਫ ਦੋ ਜਣਿਆਂ ਨੂੰ ਦੋਸ਼ੀ ਬਣਾਇਆ। ਸਾਲ 2001 ਵਿੱਚ ਪੀਰਜ਼ਾਦਾ ਪੰਜਾਬ ਸਟੇਟ ਇਲੈਕਟ੍ਰੋਨਿਕ ਡਿਵੈਲਪਮੈਂਟ ਐਂਡ ਪ੍ਰੋਡਕਸ਼ਨ ਕਾਰਪੋਰੇਸ਼ਨ ਲਿਮਟਿਡ ਵਿੱਚ ਐੱਮ ਡੀ ਨਿਯੁਕਤ ਹੋਏ ਅਤੇ ਇਸ ਪੋਸਟ ਉਤੇ ਰਹਿੰਦੇ ਹੋਏ ਉਨ੍ਹਾਂ ਨੇ ਪਲਾਨ ਤਿਆਰ ਕੀਤਾ ਅਤੇ ਇੰਡਸਟਰੀਅਲ ਏਰੀਆ ਮੋਹਾਲੀ ਫੇਜ਼-8 ਦੇ ਪਲਾਟ ਨੰਬਰ ਬੀ-101 ਨੂੰ ਬਿਨਾਂ ਕਿਸੇ ਇਨਵੈਸਟਮੈਂਟ ਦੇ ਕਬਜ਼ੇ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਸ ਦੀ ਲੀਜ਼ ਹੋਲਡਰ ਮਿਟਗਾਰਟ ਇੰਡੀਆ ਲਿਮਟਿਡ ਕੰਪਨੀ ਸੀ, ਜਿਸ 'ਤੇ ਕਈ ਫਾਈਨੈਂਸ਼ਲ ਕੰਪਨੀਆਂ ਦਾ ਕਰਜ਼ਾ ਸੀ। ਪੀਰਜ਼ਾਦਾ ਨੂੰ ਪਤਾ ਸੀ ਕਿ ਕੰਪਨੀ ਇਸ ਕਰਜ਼ਾ ਤੋਂ ਛੁਟਕਾਰਾ ਚਾਹੁੰਦੀ ਹੈ। ਮਹਿੰਦਰਾ ਗਰੁੱਪ ਦੀ ਇੱਕ ਕੰਪਨੀ ਮੋਹਾਲੀ ਵਿੱਚ ਆਈ ਆਈ ਟੀ ਬਣਾਉਣਾ ਚਾਹੁੰਦੀ ਸੀ। ਪੀਰਜ਼ਾਦਾ ਨੇ ਮਹਿੰਦਰਾ ਗਰੁੱਪ ਦੀ ਉਸ ਕੰਪਨੀ ਨੂੰ ਪਲਾਟ ਨੰਬਰ ਬੀ-101 ਵਿੱਚ ਰੈਂਟ 'ਤੇ ਆਈ ਆਈ ਟੀ ਬਣਾਉਣ ਦਾ ਆਫਰ ਦਿੱਤਾ ਸੀ। ਪੀਰਜ਼ਾਦਾ ਨੇ ਇਸ ਦੇ ਬਾਅਦ ਆਪਣੇ ਸਾਥੀਆਂ ਨਾਲ ਕੰਪਨੀ ਬਣਾਈ ਅਤੇ ਇਸ ਦੇ ਲਈ ਉਨ੍ਹਾਂ ਨੇ 1.45 ਕਰੋੜ ਰੁਪਏ ਦੇ ਫੰਡ ਅਰੇਂਜ ਕੀਤੇ, ਜਿਨ੍ਹੀ ਵਰਤੋਂ ਉਸ ਪਲਾਟ ਦੇ ਕਰਜ਼ੇ ਸੈਂਟਲ ਕਰਨ ਵਿੱਚ ਕੀਤੀ। ਪੀਰਜ਼ਾਦਾ ਨੇ ਆਪਣੀ ਪੋਸਟ ਦਾ ਲਾਭ ਉਠਾ ਕੇ ਉਸ ਪਲਾਟ ਦੀ ਐੱਨ ਓ ਸੀ ਹਾਸਲ ਕਰ ਲਈ ਅਤੇ ਬਾਅਦ ਵਿੱਚ ਫਰਜ਼ੀ ਦਸਤਾਵੇਜ਼ ਅਤੇ ਹਸਤਾਖਰਾਂ ਦੇ ਜ਼ਰੀਏ ਇਹ ਪਲਾਟ ਕੰਪਨੀ ਦੇ ਨਾਂਅ 'ਤੇ ਟਰਾਂਸਫਰ ਕਰਵਾ ਲਿਆ।

# ਤਰਨ ਤਾਰਨ ਦੇ ਸੁਖਦੇਵ ਦਾ ਪਿੰਡ ਬੁਲੰਦਾ ਦੇ ਡੇਰੇ ਵਿੱਚ ਕਤਲ, ਇੱਕ ਕਾਬੂ

ਨਕੋਦਰ, 17 ਦਸੰਬਰ (ਪੋਸਟ ਬਿਊਰੋ)- ਕੱਲ੍ਹ ਰਾਤ ਪਿੰਡ ਬੁਲੰਦਾ ਦੇ ਡੇਰੇ ਵਿੱਚ ਸੇਵਾਦਾਰ ਨੂੰ ਮਿਲਣ ਆਏ ਤਰਨ ਤਾਰਨ ਦੇ ਸੁਖਦੇਵ ਸਿੰਘ ਦੀ 16 ਲੋਕਾਂ ਨੇ ਤੇਜ਼ਧਾਰ ਹਥਿਆਰਾਂ ਨੇ ਹੱਤਿਆ ਕਰ ਦਿੱਤੀ। ਇਸ ਕੇਸ ਵਿੱਚ ਪੁਲਸ ਨੇ ਇੱਕ ਦੋਸ਼ੀ ਗ੍ਰਿਫਤਾਰ ਕੀਤਾ ਹੈ। ਬਾਕੀ ਦੋਸ਼ੀ ਫਰਾਰ ਦੱਸੇ ਜਾ ਰਹੇ ਹਨ। ਹੱਤਿਆ ਦਾ ਕਾਰਨ ਪਿੰਡ ਦੇ ਕੁਝ ਲੋਕਾਂ ਨੂੰ ਡੇਰੇ ਦੇ ਨਵੇਂ ਸੇਵਾਦਾਰ ਦਾ ਪਸੰਦ ਨਾ ਆਉਣਾ ਦੱਸਿਆ ਗਿਆ ਹੈ, ਜਿਸ ਦਾ ਉਹ ਵਿਰੋਧ ਕਰ ਰਹੇ ਸਨ।

ਥਾਣਾ ਇੰਚਾਰਜ ਮਹਿਤਪੁਰ ਲਖਬੀਰ ਸਿੰਘ ਨੂੰ ਦਿੱਤੀ ਸ਼ਿਕਾਇਤ ਵਿੱਚ ਨਿਰਮਲ ਦਾਸ ਪੁੱਤਰ ਗੁਰਸ਼ਰਨ ਦਾਸ ਨੇ ਦੱਸਿਆ ਕਿ ਉਹ ਡੇਰਾ ਬਾਬਾ ਬੁਧ ਦਾਸ ਬਾਲੋਕੀ ਦੇ ਮੁਖੀ ਹਨ। ਐਤਵਾਰ ਉਹ ਪਿੰਡ ਬੁਲੰਦਾ ਵਿੱਚ ਡੇਰਾ ਨਿਰਮਲ ਕੁਟੀਆ ਬਾਬਾ (ਭਜਨਗੜ੍ਹ) ਦੇ ਸੇਵਾਦਾਰ ਦੇ ਚੇਲੇ ਮਨਜੀਤ ਸਿੰਘ ਨੂੰ ਮਿਲਣ ਗਏ ਸਨ। ਤਦ ਉਨ੍ਹਾਂ ਨੂੰ ਪਤਾ ਲੱਗਾ ਕਿ ਪਿੰਡ ਦੇ ਕੁਝ ਲੋਕ ਡੇਰੇ ਦੇ ਸੇਵਾਦਾਰ ਮਨਜੀਤ ਸਿੰਘ ਦੇ ਖਿਲਾਫ ਹਨ, ਜਿਨ੍ਹਾਂ ਨੇ ਨਕੋਦਰ ਅਦਾਲਤ ਵਿੱਚ ਕੇਸ ਦਾਇਰ ਕੀਤਾ ਸੀ ਤੇ ਅਦਾਲਤ ਨੇ ਸਟੇਅ ਦਾ ਹੁਕਮ ਦਿੱਤਾ ਹੈ। ਜਦ ਉਹ ਐਤਵਾਰ ਪੁੱਤਰ ਗੁਲਜ਼ਾਰ ਸਿੰਘ ਪਿੰਡ ਅਖਾੜਾ (ਜਗਰਾਓਂ), ਗੁਰਦਾਵਰ ਸਿੰਘ ਪੁੱਤਰ ਪਰਗਟ ਸਿੰਘ ਪਿੰਡ ਬਾਲੋਕੀ, ਸੁਖਦੇਵ ਸਿੰਘ ਪਿੰਡ ਕੰਗ (ਤਰਨ ਤਾਰਨ), ਰਣਜੋਧ ਸਿੰਘ ਵਾਸੀ ਨਾਭਾ ਦੇ ਨਾਲ ਬਲੈਰੋ ਵਿੱਚ ਦੇਰ ਸ਼ਾਮ ਬੁਲੰਦਾ ਡੇਰੇ ਵਿਖੇ ਮਨਜੀਤ ਸਿੰਘ ਨੂੰ ਮਿਲਣ ਗਏ ਤਾਂ ਇਸੇ ਦੌਰਾਨ ਕਿਰਪਾਨਾਂ ਨਾਲ ਲੈਸ ਕੁਝ ਅਣਪਛਾਤੇ ਲੋਕਾਂ ਨੇ ਹਮਲਾ ਕਰ ਦਿੱਤਾ। ਇਸ ਵਿੱਚ ਸੁਖਦੇਵ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ ਤੇ ਬਾਕੀ ਗੰਭੀਰ ਜ਼ਖਮੀ ਹੋ ਗਏ। ਪੁਲਸ ਨੇ ਸ਼ਿਕਾਇਤ ਪਿੱਛੋਂ ਕਾਰਵਾਈ ਸ਼ੁਰੂ ਕੀਤੀ। ਪਤਾ ਲੱਗਾ ਹੈ ਕਿ ਹਮਲਾ ਸਤੀਸ਼ ਕੁਮਾਰ, ਪਰਮਜੀਤ ਪੰਮਾ, ਬਲਜਿੰਦਰ ਸਿੰਘ, ਜਤਿੰਦਰ ਕੁਮਾਰ, ਕਸ਼ਮੀਰੀ ਲਾਲ, ਕੁਲਦੀਪ ਸਿੰਘ, ਸਰਬਜੀਤ, ਕੁਲਦੀਪ ਸਿੰਘ, ਸੁਰਿੰਦਰ ਸਿੰਘ, ਰਾਮ ਲਾਲ ਤੇ ਸੁਰਜੀਤ ਸਿੰਘ ਸਮੇਤ ਪੰਜ-ਛੇ ਅਣਪਛਾਤੇ ਸਾਰੇ ਵਾਸੀ ਬੁਲੰਦਾ ਨੇ ਕੀਤਾ ਸੀ। ਐੱਸ ਐੱਚ ਓ ਨੇ ਕਿਹਾ ਕਿ ਦੋਸ਼ੀਆਂ ਦੇ ਖਿਲਾਫ ਕੇਸ ਦਰਜ ਕਰ ਕੇ ਇੱਕ ਦੋਸ਼ੀ ਸਤੀਸ਼ ਕੁਮਾਰ ਪੁੱਤਰ ਸੰਤ ਲਾਲ ਨੂੰ ਗ੍ਰਿਫਤਾਰ ਕਰ ਲਿਆ ਹੈ। ਬਾਕੀ ਦੋਸ਼ੀਆਂ ਦੀ ਤਲਾਸ਼ 'ਚ ਛਾਪੇਮਾਰੀ ਕੀਤੀ ਜਾ ਰਹੀ ਹੈ।

# ਲੋਕ ਇਨਸਾਫ਼ ਪਾਰਟੀ ਸ਼ਾਮਲਾਟ ਜ਼ਮੀਨਾਂ ਹੜੱਪਣ ਵਿਰੁੱਧ ਅੰਦੋਲਨ ਵਿੱਢੇਗੀ

ਚੰਡੀਗੜ੍ਹ, 17 ਦਸੰਬਰ (ਪੋਸਟ ਬਿਊਰੋ)- ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਨੇ ਕੱਲ੍ਹ ਐਲਾਨ ਕੀਤਾ ਕਿ ਪਿੰਡਾਂ ਦੀਆਂ ਸ਼ਾਮਲਾਟ ਜ਼ਮੀਨਾਂ ਨੂੰ ਹੜੱਪਣ ਵਿਰੁੱਧ ਪਾਰਟੀ ਵੱਲੋਂ ਅਗਲੇ ਮਹੀਨੇ ਚਾਰ ਜਨਵਰੀ ਤੋਂ ਅੰਦੋਲਨ ਕੀਤਾ ਜਾਵੇਗਾ। ਉਨ੍ਹਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਚੁਣੌਤੀ ਦਿੱਤੀ ਹੈ ਕਿ ਉਹ ਕਿਸੇ ਪਿੰਡ ਦੀ ਇੱਕ ਇੰਚ ਜ਼ਮੀਨ ਵੀ ਲੈਂਡ ਬੈਂਕਾਂ ਲਈ ਅਕੁਆਇਰ ਕਰਕੇ ਦਿਖਾਉਣ। ਉਨ੍ਹਾਂ ਦੱਸਿਆ ਕਿ 'ਸਾਡੀ ਪੰਚਾਇਤ, ਸਾਡੀ ਜ਼ਮੀਨ' ਅੰਦੋਲਨ ਖੰਨਾ ਨੇੜਲੇ ਪਿੰਡ ਭਮੱਦੀ ਤੋਂ ਸ਼ੁਰੂ ਕੀਤਾ ਜਾਵੇਗਾ ਅਤੇ ਸੂਬੇ ਭਰ ਵਿੱਚ ਚਲਾਇਆ ਜਾਵੇਗਾ।



ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਸਰਕਾਰ ਪਿਛਲੇ ਸਮੇਂ ਵਿੱਚ ਬੰਦ ਹੋਈਆਂ ਅਠਾਰਾਂ ਹਜ਼ਾਰ ਤੋਂ ਵੱਧ ਸਨਅਤੀ ਯੂਨਿਟਾਂ ਨੂੰ ਚਲਾਉਣ ਦਾ ਯਤਨ ਕਿਉਂ ਨਹੀਂ ਕਰਦੀ। ਇਨ੍ਹਾਂ ਯੂਨਿਟਾਂ ਦੀ ਜ਼ਮੀਨ ਬੇਕਾਰ ਪਈ ਹੈ, ਨਵੇਂ ਲੈਂਡ ਬੈਂਕ ਬਣਾਉਣ ਦੀ ਥਾਂ ਜੇ ਇਨ੍ਹਾਂ ਦੀ ਜ਼ਮੀਨ ਵਰਤੀ ਜਾਵੇ ਤਾਂ ਹੋਰ ਜ਼ਮੀਨ ਐਕੁਆਇਰ ਕਰਨ ਦੀ ਲੋੜ ਨਹੀਂ। ਉਨ੍ਹਾਂ ਕਿਹਾ ਕਿ ਜੇ ਫਿਰ ਵੀ ਪੰਜਾਬ ਸਰਕਾਰ ਜ਼ਮੀਨ ਐਕੁਆਇਰ ਕਰਨਾ ਚਾਹੁੰਦੀ ਹੈ ਤਾਂ ਉਹ 2013 ਦੇ ਭੂਮੀ ਗ੍ਰਹਿਣ ਐਕਟ ਦੀਆਂ ਸ਼ਰਤਾਂ ਮੁਤਾਬਕ ਕਰੇ। ਉਨ੍ਹਾਂ ਕਿਹਾ ਕਿ ਪਾਰਟੀ ਜ਼ਮੀਨਾਂ ਬਚਾਉਣ ਲਈ ਅੰਦੋਲਨ ਦੇ ਨਾਲ ਅਦਾਲਤਾਂ ਦਾ ਵੀ ਸਹਾਰਾ ਲਵੇਗੀ ਅਤੇ ਮਾਣਹਾਨੀ ਕੇਸ ਵੀ ਪਾਵੇਗੀ। ਉਨ੍ਹਾਂ ਕਿਹਾ ਕਿ ਪੰਚਾਇਤੀ ਜ਼ਮੀਨਾਂ ਨੂੰ ਲੰਮੇ ਅਰਸੇ ਤੋਂ ਕਿਸਾਨ ਵਾਹ ਰਹੇ ਹਨ ਅਤੇ ਉਨ੍ਹਾਂ ਨੂੰ ਉਜਾੜ ਕੇ ਜ਼ਮੀਨਾਂ ਲੈਂਡ ਬੈਂਕ ਦੇ ਨਾਂ ਕੁਝ ਪਰਵਾਰਾਂ ਨੂੰ ਦੇਣ ਦੀ ਤਿਆਰੀ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀਆਂ ਦੋ ਵੱਡੀਆਂ ਪਾਰਟੀਆਂ ਕਾਂਗਰਸ ਤੇ ਅਕਾਲੀ ਦਲ ਅਤੇ ਉਨ੍ਹਾਂ ਵਿਚੋਂ ਵੀ ਦੋ ਪਰਵਾਰ ਜ਼ਮੀਨ ਹੜੱਪਣ ਦੀ ਝਾਕ ਵਿੱਚ ਹਨ।

# ਬਿਹਾਰ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਨਾ ਹੋਣ ਦਾ ਸ਼੍ਰੋਮਣੀ ਕਮੇਟੀ ਵੱਲੋਂ ਨੋਟਿਸ

ਅੰਮ੍ਰਿਤਸਰ, 17 ਦਸੰਬਰ (ਪੋਸਟ ਬਿਊਰੋ)- ਸ੍ਰੀ ਪਟਨਾ ਸਾਹਿਬ ਨੇੜਲੇ ਪਿੰਡ ਮੰਗੇਰ ਜਵਾਲਪੁਰ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਠੀਕ ਤਰ੍ਹਾਂ ਨਾ ਕਰਨ ਕਰ ਕੇ ਹੋ ਰਹੀ ਬੇਅਦਬੀ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸਖਤ ਨੋਟਿਸ ਲਿਆ ਹੈ। ਸੋਸ਼ਲ ਮੀਡੀਆ ਉੱਤੇ ਇਸ ਸੰਬੰਧੀ ਵਾਇਰਲ ਹੋਈ ਵੀਡੀਓ ਮਗਰੋਂ ਲੌਂਗੋਵਾਲ ਨੇ ਘਟਨਾ ਸਥਾਨ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕਾਂ ਨੂੰ ਭੇਜਿਆ ਹੈ।

ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਸੰਭਾਲ ਮਰਯਾਦਾ ਅਨੁਸਾਰ ਜ਼ਰੂਰੀ ਹੈ ਤੇ ਅਣਗਹਿਲੀ ਕਰਨ ਵਾਲੇ ਲੋਕਾਂ ਨੂੰ ਬਖਸ਼ਿਆ ਨਹੀਂ ਜਾ ਸਕਦਾ। ਉਨ੍ਹਾਂ ਆਖਿਆ ਕਿ ਸੋਸ਼ਲ ਮੀਡੀਆ ਰਾਹੀਂ ਬਿਹਾਰ ਦੇ ਪਿੰਡ ਮੰਗੇਰ ਜਵਾਲਪੁਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਣ ਦਾ ਪਤਾ ਲੱਗਾ ਹੈ ਅਤੇ ਸ਼੍ਰੋਮਣੀ ਕਮੇਟੀ ਨੇ ਤੁਰੰਤ ਕਾਰਵਾਈ ਕਰਦਿਆਂ ਪਟਨਾ ਸਾਹਿਬ ਨੂੰ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕਾਂ ਦੀ ਟੀਮ ਭੇਜੀ ਹੈ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਦੀ ਟੀਮ ਪੜਤਾਲ ਕਰੇਗੀ ਅਤੇ ਓਥੇ ਪ੍ਰਭਾਵਤ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਲਿਆਂਦਾ ਜਾਵੇਗਾ। ਲੌਂਗੋਵਾਲ ਨੇ ਕਿਹਾ ਕਿ ਜਿੱਥੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗਤਾਂ ਨੇ ਪਾਵਨ ਸਰੂਪ ਰੱਖੇ ਹਨ, ਉਨ੍ਹਾਂ ਦੀ ਸੇਵਾ ਸੰਭਾਲ ਮਰਯਾਦਾ ਅਨੁਸਾਰ ਹੋਣੀ ਚਾਹੀਦੀ ਹੈ। ਇਸ ਵਿੱਚ ਕਿਸੇ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।

# ਹਰਿੰਦਰ ਸਿੰਘ ਖਾਲਸਾ ਵੱਲੋਂ ਬਾਬੇ ਨਾਨਕ ਦੇ ਅਗਵਾ ਅਤੇ ਕਤਲ ਦੇ ਪ੍ਰਚਾਰ ਦਾ ਕੇਸ ਅਕਾਲ ਤਖਤ ਪੁੱਜਾ

ਅੰਮ੍ਰਿਤਸਰ, 17 ਦਸੰਬਰ (ਪੋਸਟ ਬਿਊਰੋ)- ਗੁਰਮਤਿ ਪ੍ਰਚਾਰਕ ਰਣਜੀਤ ਸਿੰਘ ਢਡਰੀਵਾਲਾ ਦੇ ਨੇੜੂ ਸਾਥੀ ਹਰਿੰਦਰ ਸਿੰਘ ਖਾਲਸਾ ਜਥਾ ਨਿਰਵੈਰ ਖਾਲਸਾ ਜਥਾ ਯੂ ਕੇ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਅਗਵਾ ਅਤੇ ਕਤਲ ਹੋਣ ਪ੍ਰਤੀ ਕੂੜ ਪ੍ਰਚਾਰ ਦਾ ਮਾਮਲਾ ਸ੍ਰੀ ਅਕਾਲ ਤਖਤ ਸਾਹਿਬ ਪੁੱਜ ਗਿਆ ਹੈ।

ਸਾਬਕਾ ਫੈਡਰੇਸ਼ਨ ਆਗੂ ਪ੍ਰੋਫੈਸਰ ਸਰਚਾਂਦ ਸਿੰਘ ਨੇ ਜਥੇਦਾਰ ਅਕਾਲ ਤਖਤ ਸਾਹਿਬ ਨੂੰ ਈ-ਮੇਲ ਭੇਜਦਿਆਂ ਅਪੀਲ ਕੀਤੀ ਹੈ ਕਿ ਉਕਤ ਕੂੜ ਪ੍ਰਚਾਰ ਦਾ ਨੋਟਿਸ ਲੈਂਦਿਆਂ ਉਸ ਉੱਤੇ ਤੁਰੰਤ ਰੋਕ ਲਾਈ ਜਾਵੇ ਅਤੇ ਤਲਬ ਕਰ ਕੇ ਪੰਥਕ ਰਵਾਇਤਾਂ ਮੁਤਾਬਕ ਕਾਰਵਾਈ ਕੀਤੀ ਜਾਵੇ। ਪ੍ਰੋਫੈਸਰ ਸਰਚਾਂਦ ਸਿੰਘ ਨੇ ਕਿਹਾ ਕਿ ਢਡਰੀਵਾਲਾ ਦੇ ਸਾਥੀ ਅਤੇ ਇੰਗਲੈਂਡ ਵਾਸੀ ਹਰਿੰਦਰ ਸਿੰਘ ਖਾਲਸਾ ਜਥਾ ਨਿਰਵੈਰ ਖਾਲਸਾ ਜਥਾ ਯੂ ਕੇ ਵੱਲੋਂ ਬਿਨਾਂ ਆਧਾਰ ਦੇ ਗੁਰੂ ਨਾਨਕ ਦੇਵ ਜੀ ਦੇ ਅੰਤਮ ਸਮੇਂ ਦੇ ਅਲੌਕਿਕ ਵਰਤਾਰੇ ਪ੍ਰਤੀ ਤੇ ਇਤਰਾਜ਼ ਯੋਗ ਟਿੱਪਣੀ ਕੀਤੀ ਤੇ ਕਿਹਾ ਕਿ ਨਾਨਕ ਜੀ ਦੇ ਬਹੁਤ ਦੁਸ਼ਮਣ ਸਨ। ਗੁਰੂ ਸਾਹਿਬ ਨੂੰ ਅਗਵਾ ਕਰ ਲਏ ਜਾਣ ਤੇ ਫਿਰ ਕਤਲ ਕਰ ਦਿੱਤੇ ਜਾਣ ਦੇ ਕੂੜ ਪ੍ਰਚਾਰ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਇਸ ਕੂੜ ਦੇ ਪ੍ਰਚਾਰਕ ਹਰਿੰਦਰ ਸਿੰਘ ਖਾਲਸਾ ਨੇ ਹਿੰਦੂਆਂ ਲਈ ਗੁਰੂ ਤੇ ਮੁਸਲਮਾਨਾਂ ਲਈ ਪੀਰ ਦਾ ਦਰਜਾ ਰੱਖਣ ਵਾਲੇ ਗੁਰੂ ਨਾਨਕ ਦੇਵ ਜੀ ਬਾਰੇ ਵਿਵਾਦ ਖੜ੍ਹੇ ਕਰਦਿਆਂ ਸਿੱਖ ਅਤੇ ਨਾਨਕ ਨਾਮ ਲੇਵਾ ਹਿਰਦਿਆਂ ਨੂੰ ਗਹਿਰੀ ਠੇਸ ਪਹੁੰਚਾਈ ਹੈ।

# ਤਹਿਸੀਲਦਾਰ ਉਤੇ ਲੱਗੇ ਰਿਸ਼ਵਤ ਦੇ ਦੋਸ਼ ਦੇ ਤਹਿਤ ਜਾਂਚ ਸ਼ੁਰੂ

ਚੰਡੀਗੜ੍ਹ, 17 ਦਸੰਬਰ (ਪੋਸਟ ਬਿਊਰੋ)- ਪਟਿਆਲਾ ਵਿੱਚ ਕਾਂਗਰਸ ਵਿਧਾਇਕਾਂ ਦੀ ਨਾਰਾਜ਼ਗੀ ਦੂਰ ਕਰਨ ਦੇ ਲਈ ਪੰਜਾਬ ਸਰਕਾਰ ਗੰਭੀਰ ਦਿੱਸਣ ਲੱਗ ਪਈ ਹੈ। ਸ਼ਿਕਾਇਤ ਦੇ ਵੀਹ ਦਿਨ ਪਿੱਛੋਂ ਸਰਕਾਰ ਨੇ ਰਿਸ਼ਵਤ ਦੇ ਦੋਸ਼ ਵਿੱਚ ਸ਼ੁਤਰਾਣਾ ਦੇ ਤਹਿਸੀਲਦਾਰ ਦੇ ਖਿਲਾਫ ਜਾਂਚ ਦੇ ਹੁਕਮ ਦਿੱਤੇ ਹਨ।



ਵਰਨਣ ਯੋਗ ਹੈ ਕਿ ਸ਼ੁਤਰਾਣਾ ਦੇ ਵਿਧਾਇਕ ਨਿਰਮਲ ਸਿੰਘ ਨੇ ਤਹਿਸੀਲਦਾਰ 'ਤੇ ਦੋਸ਼ ਲਾਇਆ ਸੀ ਕਿ ਉਹ ਅਫਸਰ ਵਿਧਾਇਕ ਦੀ ਔਕਾਤ ਪੰਜ ਹਜ਼ਾਰ ਰੁਪਏ ਦੱਸਦਾ ਹੈ। ਨਿਰਮਲ ਸਿੰਘ ਨੇ ਇਸ ਮੁੱਦੇ 'ਤੇ ਸਰਕਾਰ ਦੇ ਖਿਲਾਫ ਜਨਤਕ ਰੂਪ ਤੋਂ ਮੋਰਚਾ ਵੀ ਖੋਲ੍ਹਿਆ ਸੀ। ਕੱਲ੍ਹ ਵਿਧਾਇਕ ਨਿਰਮਲ ਸਿੰਘ ਦੀ ਸ਼ਿਕਾਇਤ ਉਤੇ ਵਿੱਤ ਕਮਿਸ਼ਨਰ ਕੇ ਬੀ ਐੱਸ ਸਿੱਧੂ ਨੇ ਦੋਸ਼ੀ ਤਹਿਸੀਲਦਾਰ ਦੇ ਵਿਰੁੱਧ ਜਾਂਚ ਦੇ ਹੁਕਮ ਦਿੱਤੇ ਹਨ। ਉਨ੍ਹਾਂ ਨੇ ਪਟਿਆਲਾ ਦੇ ਡੀ ਸੀ ਨੂੰ ਤਿੰਨ ਦਿਨ ਵਿੱਚ ਜਾਂਚ ਰਿਪੋਰਟ ਸੌਂਪਣ ਨੂੰ ਕਿਹਾ ਹੈ। ਜਾਂਚ ਪਾਤੜਾਂ ਦੀ ਐੱਸ ਡੀ ਐੱਮ ਪਾਲਿਕਾ ਅਰੋੜਾ ਨੂੰ ਸੌਂਪੀ ਗਈ ਹੈ।

ਕਾਂਗਰਸੀ ਵਿਧਾਇਕ ਨਿਰਮਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ 25 ਨਵੰਬਰ ਨੂੰ ਇੱਕ ਕਾਂਗਰਸੀ ਵਰਕਰ ਦੀ ਰਜਿਸਟਰੀ ਲਈ ਤਹਿਸੀਲਦਾਰ ਨੂੰ ਫੋਨ ਕੀਤਾ ਸੀ। ਜਦ ਵਰਕਰ ਗਿਆ ਤਾਂ ਤਹਿਸੀਲਦਾਰ ਨੇ ਕਿਹਾ ਕਿ ਪਹਿਲਾਂ 15 ਹਜ਼ਾਰ ਰੁਪਏ ਲੱਗਣੇ ਸਨ, ਵਿਧਾਇਕ ਦਾ ਫੋਨ ਆਇਆ ਹੈ, ਇਸ ਲਈ 10 ਹਜ਼ਾਰ ਰੁਪਏ ਦੇ ਦਿਓ। ਨਿਰਮਲ ਸਿੰਘ ਨੇ ਕਿਹਾ, ਵਰਕਰ ਨੇ ਮੈਨੂੰ ਐਫੀਡੇਵਿਟ ਦਿੱਤਾ ਹੈ ਕਿ ਤਹਿਸੀਲਦਾਰ ਨੇ ਵਿਧਾਇਕ ਦੀ ਔਕਾਤ ਤਹਿਸੀਲਦਾਰ ਨੇ ਪੰਜ ਹਜ਼ਾਰ ਰੁਪਏ ਆਂਕੀ ਹੈ। ਇਸ ਤਹਿਸੀਲਦਾਰ ਨੂੰ ਮੁੱਖ ਮੰਤਰੀ ਦਫਤਰ ਨੇ ਨਿਯੁਕਤ ਕੀਤਾ ਸੀ। ਇਸ ਦੀ ਸ਼ਿਕਾਇਤ ਉਨ੍ਹਾਂ ਨੇ ਸਾਬਕਾ ਰੈਵੇਨਿਊ ਮੰਤਰੀ ਗੁਰਪ੍ਰੀਤ ਕਾਂਗੜ ਨੂੰ ਕੀਤੀ ਸੀ, ਪਰ ਕਾਰਵਾਈ ਨਹੀਂ ਹੋਈ।

ਤਹਿਸੀਲਦਾਰ 'ਤੇ ਕਾਰਵਾਈ ਨਾ ਹੋਣ ਉੱਤੇ ਵਿਧਾਇਕ ਨੇ ਇੱਕ ਵੀਡੀਓ ਜਾਰੀ ਕਰ ਕੇ ਦੋਸ਼ ਦੋਹਰਾਏ ਸਨ। ਇਸ ਦੇ ਬਾਅਦ ਸਿਆਸੀ ਤੇ ਪ੍ਰਸ਼ਾਸਕੀ ਗਲਿਆਰਿਆਂ ਦਾ ਮਾਹੌਲ ਭਖ ਗਿਆ ਸੀ। ਰੈਵੇਨਿਊ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੇ ਵੀ ਬਿਆਨ ਦੇ ਕੇ ਇਸ ਨੂੰ ਹਵਾ ਦਿੱਤੀ ਸੀ। ਵਿਧਾਇਕ ਨੇ ਮੀਡੀਆ ਨਾਲ ਗੱਲਬਾਤ ਤੇ ਵੀਡੀਓ ਜਾਰੀ ਕਰ ਕੇ 25 ਨਵੰਬਰ ਨੂੰ ਤਹਿਸੀਲਦਾਰ 'ਤੇ ਦੋਸ਼ ਲਾਇਆ ਸੀ, ਜਦ ਕਿ ਸ਼ਿਕਾਇਤ ਅਗਲੇ ਦਿਨ 26 ਨਵੰਬਰ ਨੂੰ ਕੀਤੀ ਗਈ। ਐੱਸ ਡੀ ਐੱਮ ਪਲਿਕ ਅਰੋੜਾ ਨੇ ਵੀ ਇਸ ਦੀ ਪੁਸ਼ਟੀ ਕੀਤੀ।

# ਨੇਪਾਲੀ ਜੋੜਾ ਆਪਣੇ ਮਾਲਕਾਂ ਦੇ ਕਰੋੜਾਂ ਰੁਪਏ ਲੈ ਕੇ ਦੌੜਿਆ

ਅੰਮ੍ਰਿਤਸਰ, 17 ਦਸੰਬਰ (ਪੋਸਟ ਬਿਊਰੋ)- ਬੀਤੀ ਰਾਤ ਅੰਮ੍ਰਿਤਸਰ ਦੇ ਪਾਸ਼ ਇਲਾਕੇ ਵ੍ਹਾਈਟ ਐਵੇਨਿਊ ਵਿੱਚ ਇੱਕ ਘਰ 'ਚ ਇੱਕ ਨੇਪਾਲੀ ਜੋੜੇ ਵੱਲੋਂ ਕਰੋੜਾਂ ਰੁਪਏ ਦੀ ਲੁੱਟ ਕਰ ਲਏ ਜਾਣ ਦੀ ਖਬਰ ਹੈ।

ਮਿਲੀ ਜਾਣਕਾਰੀ ਮੁਤਾਬਕ ਘਰ ਦੇ ਮਾਲਕ ਰਵੀ ਅਰੋੜਾ ਨੇ ਕੁਝ ਦਿਨ ਪਹਿਲਾਂ ਇਸ ਨੇਪਾਲੀ ਜੋੜੇ ਨੂੰ ਘਰ 'ਚ ਰੱਖਿਆ ਸੀ। ਕੱਲ੍ਹ ਰਾਤ ਉਨ੍ਹਾਂ ਨੇ ਆਪਣੇ ਤਿੰਨ ਹੋਰ ਸਾਥੀਆਂ ਨੂੰ ਘਰ ਬੁਲਾਇਆ ਅਤੇ ਉਹ 17 ਲੱਖ ਰੁਪਏ ਦੇ ਕਰੀਬ ਨਕਦੀ, 70-80 ਲੱਖ ਦੇ ਸੋਨੇ ਅਤੇ ਹੀਰਿਆਂ ਦੇ ਗਹਿਣੇ, ਇੱਕ ਇਨੋਵਾ ਗੱਡੀ ਤੇ ਪਿਸਤੌਲ ਲੈ ਕੇ ਫਰਾਰ ਹੋ ਗਏ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਹੈ। ਅੰਮ੍ਰਿਤਸਰ ਦੇ ਵ੍ਹਾਈਟ ਐਵੇਨਿਊ ਕੋਠੀ ਨੰਬਰ 69 'ਚ ਛੇ ਦਿਨ ਪਹਿਲਾਂ ਰੱਖੇ ਨੇਪਾਲੀ ਨੌਕਰ ਅਤੇ ਨੌਕਰਾਣੀ ਨੇ ਲੱਖਾਂ ਰੁਪਏ ਦੀ ਚੋਰੀ ਦੀ ਵੱਡੀ ਵਾਰਦਾਤ ਕੀਤੀ ਹੈ। ਚੋਰਾਂ ਨੇ ਆਪਣੇ ਸਾਥੀਆਂ ਸਣੇ ਇਸ ਦੌਰਾਨ ਬਹੁਤ ਸਾਰੇ ਗਹਿਣੇ, ਇੱਕ ਰਿਵਾਲਵਰ, ਤਿੰਨ ਮੋਬਾਈਲ ਫੋਨ, 17 ਲੱਖ ਰੁਪਏ ਦਾ ਕੈਸ਼ ਅਤੇ ਜਾਂਦੇ ਹੋਏ ਮਾਲਕ ਦੀ ਇਨੋਵਾ ਗੱਡੀ ਵੀ ਚੋਰੀ ਕਰ ਲਈ ਹੈ। ਘਰ ਦੇ ਮਾਲਕ ਰਵੀ ਅਰੋੜਾ ਨੇ ਪੁਲਸ ਨੂੰ ਦੱਸਿਆ ਕਿ ਉਕਤ ਨੇਪਾਲੀ ਚੋਰ ਉਨ੍ਹਾਂ ਨੂੰ ਬੰਦੀ ਬਣਾ ਕੇ ਕੁੱਟਮਾਰ ਕਰਦੇ ਹੋਏ ਆਪਣੇ ਸਾਥੀਆਂ ਨਾਲ ਮਿਲ ਕੇ ਚੋਰੀ ਕਰ ਕੇ ਚਲੇ ਗਏ। ਚੋਰੀ ਦੌਰਾਨ ਉਨ੍ਹਾਂ ਨੇ ਘਰ ਦੇ ਬਹੁਤ ਸਾਰੇ ਸਾਮਾਨ ਦੀ ਭੰਨ ਤੋੜ ਵੀ ਕੀਤੀ। ਪੁਲਸ ਨੇ ਦੱਸਿਆ ਕਿ ਚੋਰੀ ਇਨੋਵਾ ਗੱਡੀ ਪੈਂਚਰ ਹੋਣ ਕਾਰਨ ਨੇਪਾਲੀ ਚੋਰ ਧਾਲੀਵਾਲ ਨੇੜੇ ਛੱਡ ਗਏ, ਜਿਸ ਨੂੰ ਪੁਲਸ ਨੇ ਕਬਜ਼ੇ ਵਿੱਚ ਲੈ ਲਿਆ। ਚੋਰਾਂ ਵਿਰੁੱਧ ਮਾਮਲਾ ਦਰਜ ਕਰ ਕੇ ਉਨ੍ਹਾਂ ਦੀ ਭਾਲ ਕੀਤੀ ਜਾ ਰਹੀ ਹੈ। ਐੱਸ ਐੱਚ ਓ ਮਨਜੀਤ ਸਿੰਘ ਧਾਰੀਵਾਲ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਤ ਇੱਕ ਵਜੇ ਕੰਟਰੋਲ ਨੰਬਰ ਤੋਂ ਫੋਨ ਆਇਆ ਸੀ ਕਿ ਤੁਹਾਡੇ ਇਲਾਕੇ ਦੀ ਇੱਕ ਗੱਡੀ ਇਸ ਵਾਲੇ ਪਾਸੇ ਤੋਂ ਲੰਘ ਕੇ ਗਈ ਹੈ। ਗੱਡੀ ਪੈਂਚਰ ਹੋਣ ਕਾਰਨ ਚੋਰ ਇਸ ਨੂੰ ਲਹਿਲਾ ਪਿੰਡ ਛੱਡ ਗਏ ਸਨ, ਜਿਸ ਨੂੰ ਉਨ੍ਹਾਂ ਨੇ ਰਾਤ ਢਾਈ ਵਜੇ ਦੇ ਕਰੀਬ ਜਾ ਕੇ ਕਬਜ਼ੇ ਵਿੱਚ ਲੈ ਲਿਆ।

# ਜਸਟਿਸ ਕਾਟਜੂ ਦੀ ਟਿੱਪਣੀ ਉੱਤੇ ਦਿਵਿਆ ਦੱਤਾ ਦਾ ਪਲਟਵਾਰ

ਚੰਡੀਗੜ੍ਹ, 17 ਦਸੰਬਰ (ਪੋਸਟ ਬਿਊਰੋ)- ਦਿੱਲੀ 'ਚ ਰੇਖਤਾ ਫਾਊਂਡੇਸ਼ਨ ਵੱਲੋਂ ਕਰਵਾਏ ਜਾਣ ਵਾਲੇ 'ਜਸ਼ਨ-ਏ-ਰੇਖਤਾ' ਉੱਤੇ ਸੁਪਰੀਮ ਕੋਰਟ ਦੇ ਸਾਬਕਾ ਜਸਟਿਸ ਮਾਰਕੰਡੇ ਕਾਟਜੂ ਨੇ ਟਵਿਟਰ 'ਤੇ ਕੀਤੀ ਹੈ। ਇਸ ਟਿੱਪਣੀ ਉੱਤੇ ਪੰਜਾਬੀ ਅਦਾਕਾਰਾ ਦਿਵਿਆ ਦੱਤਾ ਨੇ ਟਵਿਟਰ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ।

ਉਰਦੂ ਤੇ ਭਾਰਤੀ ਸੱਭਿਆਚਾਰ ਦੇ ਮਹਾਉਤਸਵ ਵਜੋਂ ਮਨਾਏ ਜਾਣ ਵਾਲੇ 'ਜਸ਼ਨ-ਏ-ਰੇਖਤਾ' ਮਹਾਉਤਸਵ ਬਾਰੇ ਟਵਿਟਰ 'ਤੇ ਆਪਣੀ ਟਿੱਪਣੀ ਵਿੱਚ ਜਸਟਿਸ ਕਾਟਜੂ ਨੇ ਕਿਹਾ ਹੈ ਕਿ ਇਹ ਇੱਕ ਸੱਭਿਆਚਾਰਕ ਪ੍ਰੋਗਰਾਮ ਹੈ ਜਾਂ ਸੁੰਦਰਤਾ ਮੁਕਾਬਲੇ ਵਿੱਚ ਸੁੰਦਰ ਕੁੜੀਆਂ ਦਾ ਪ੍ਰਦਰਸ਼ਨ? ਜਸਟਿਸ ਕਾਟਜੂ ਦੇ ਇਸ ਟਵੀਟ ਨੂੰ ਨਿਰਾਸ਼ ਕਰਨ ਵਾਲੀ ਟਿੱਪਣੀ ਦੱਸ ਕੇ ਦਿਵਿਆ ਦੱਤਾ ਨੇ ਆਪਣੇ ਟਵੀਟ ਵਿੱਚ ਕਿਹਾ, 'ਤੁਸੀਂ ਗਵਾਹ ਤੇ ਸਬੂਤ ਤੋਂ ਬਿਨ੍ਹਾਂ ਆਪਣਾ ਫ਼ੈਸਲਾ ਸੁਣਾ ਦਿੱਤਾ। ਉਮੀਦ ਹੈ ਕਿ ਇਹ ਫ਼ੈਸਲਾ ਟਵਿਟਰ ਤੱਕ ਹੀ ਸੀਮਤ ਰਹੇ।' 'ਜਸ਼ਨ-ਏ-ਰੇਖਤਾ' ਵਿੱਚ ਉਨ੍ਹਾਂ ਦੀ ਇੰਟਰਵਿਊ ਦਾ ਪ੍ਰਸੰਸਾ ਕਰਨ ਵਾਲੇ ਇੱਕ ਪ੍ਰਸੰਸਕ ਨੂੰ ਵੀ ਟਵੀਟ 'ਚ ਧੰਨਵਾਦ ਕਹਿੰਦਿਆਂ ਦਿਵਿਆ ਦੱਤਾ ਨੇ ਕਿਹਾ, 'ਤੁਹਾਨੂੰ ਇਹ ਗੱਲ ਮਾਰਕੰਡੇ ਕਾਟਜੂ ਨੂੰ ਵੀ ਦੱਸਣੀ ਚਾਹੀਦੀ ਹੈ। ਉਹ ਸ਼ਾਇਦ ਬੁੱਧੀਸ਼ਾਲੀ ਔਰਤਾਂ ਦੀ ਹੋਂਦ ਵਿੱਚ ਯਕੀਨ ਨਹੀਂ ਰੱਖਦੇ। ਉਨ੍ਹਾਂ ਕਿਹਾ ਕਿ ਇਹ ਸੁੰਦਰ ਔਰਤਾਂ ਦਾ ਫੈਸ਼ਨ ਸ਼ੋਅ ਹੈ.. ਇਤਰਾਜ਼ਯੋਗ ਸ੍ਰੀਮਾਨ?'

ਵਰਨਣ ਯੋਗ ਹੈ ਕਿ 'ਜਸ਼ਨ-ਏ-ਰੇਖਤਾ' ਇੱਕ ਤਿੰਨ ਦਿਨਾ ਮਹਾਉਤਸਵ ਹੈ ਜੋ ਭਾਰਤੀ ਭਾਸ਼ਾਵਾਂ ਅਤੇ ਸਾਹਿਤ ਦੀ ਸਰਪ੍ਰਸਤੀ ਦੇ ਲਈ ਕਰਵਾਇਆ ਜਾਂਦਾ ਹੈ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



## ਕੇਂਦਰ ਤੇ ਸੂਬਾ ਸਰਕਾਰਾਂ ਨੂੰ ਸੂਚਨਾ ਕਮਿਸ਼ਨਰ ਲਾਉਣ ਦੇ ਹੁਕਮ



ਨਵੀਂ ਦਿੱਲੀ, 17 ਦਸੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਆਦੇਸ਼ ਦਿੱਤਾ ਹੈ ਕਿ ਕੇਂਦਰੀ ਸੂਚਨਾ ਕਮਿਸ਼ਨ ਅਤੇ ਰਾਜ ਸੂਚਨਾ ਕਮਿਸ਼ਨ ਵਿੱਚ ਤਿੰਨ ਮਹੀਨਿਆਂ ਦੇ ਅੰਦਰ ਸੂਚਨਾ ਕਮਿਸ਼ਨਰ ਨਿਯੁਕਤ ਕੀਤੇ ਜਾਣ। ਸਿਖਰਲੀ ਅਦਾਲਤ ਨੇ ਇਹ ਵੀ ਕਿਹਾ ਕਿ ਸੂਚਨਾ ਐਕਟ ਦੇ ਅਧਿਕਾਰ ਦੀ ਦੁਰਵਰਤੋਂ ਰੋਕਣ ਲਈ ਦਿਸ਼ਾ-ਨਿਰਦੇਸ਼ ਤਿਆਰ ਕੀਤੇ ਜਾਣ ਦੀ ਲੋੜ ਹੈ।

ਅਦਾਲਤ ਨੇ ਸਬੰਧਤ ਅਧਿਕਾਰੀਆਂ ਨੂੰ ਕਿਹਾ ਕਿ ਕੇਂਦਰੀ ਸੂਚਨਾ ਕਮਿਸ਼ਨ ਦੇ ਸੂਚਨਾ ਕਮਿਸ਼ਨਰਾਂ ਦੀ ਚੋਣ ਅਤੇ ਨਿਯੁਕਤੀ ਬਾਰੇ ਬਣਾਈ ਕਮੇਟੀ ਦੇ ਮੈਂਬਰਾਂ ਦੇ ਨਾਂ ਦੋ ਹਫ਼ਤਿਆਂ ਵਿੱਚ ਵੈਬਸਾਈਟ 'ਤੇ ਪਾਏ ਜਾਣ। ਚੀਫ ਜਸਟਿਸ ਐਸ ਏ ਬੋਬੜੇ ਦੀ ਅਗਵਾਈ ਵਾਲੇ ਬੈਂਚ ਨੇ ਕਾਰਕੁਨ ਅੰਜਲੀ ਭਾਰਦਵਾਜ ਵੱਲੋਂ ਵਕੀਲ ਪ੍ਰਸ਼ਾਤ ਭੂਸ਼ਣ ਦੇ ਰਾਹੀਂ ਦਾਇਰ ਪਟੀਸ਼ਨ ਦਾ ਨੋਟਿਸ ਲਿਆ ਹੈ, ਜਿਸ ਵਿੱਚ ਕਿਹਾ ਗਿਆ ਸੀ ਕਿ ਕੇਂਦਰ ਅਤੇ ਵੱਖ-ਵੱਖ ਰਾਜਾਂ ਨੇ ਸੁਪਰੀਮ ਕੋਰਟ ਦੇ 15 ਫਰਵਰੀ ਦੇ ਉਨ੍ਹਾਂ ਆਦੇਸ਼ਾਂ ਦੀ ਪਾਲਣਾ ਨਹੀਂ ਕੀਤੀ, ਜਿਨ੍ਹਾਂ ਵਿੱਚ ਕੇਂਦਰੀ ਸੂਚਨਾ ਕਮਿਸ਼ਨ ਤੇ ਰਾਜ ਸੂਚਨਾ ਕਮਿਸ਼ਨ ਨੂੰ ਇੱਕ ਤੋਂ ਛੇ ਮਹੀਨਿਆਂ ਦੇ ਅੰਦਰ ਪਾਰਦਰਸ਼ੀ ਢੰਗ ਨਾਲ ਸੂਚਨਾ ਕਮਿਸ਼ਨਰ ਨਿਯੁਕਤ ਕਰਨ ਨੂੰ ਕਿਹਾ ਗਿਆ ਸੀ। ਬੈਂਚ ਨੇ ਕਿਹਾ, 'ਅਸੀਂ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਤਿੰਨ ਮਹੀਨਿਆਂ ਵਿੱਚ ਨਿਯੁਕਤੀ ਕਰਨ ਦਾ ਆਦੇਸ਼ ਦਿੰਦੇ ਹਾਂ।" ਨਾਲ ਹੀ ਇਹ ਵੀ ਕਿਹਾ ਕਿ ਜੇਕਰ ਆਦੇਸ਼ ਦੀ ਪਾਲਣਾ ਨਾ ਕੀਤੀ ਗਈ ਤਾਂ ਹੱਤਕ ਦੀ ਪਟੀਸ਼ਨ ਦਾਇਰ ਕੀਤੀ ਜਾ ਸਕੇਗੀ।

## ਪਾਕਿ ਰੇਂਜਰਸ ਤੇ ਘੁਸਪੈਠੀਆਂ ਦੀ ਗੋਲੀਬਾਰੀ ਵਿੱਚ ਤਿੰਨ ਜਵਾਨਾਂ ਦੀ ਮੌਤ

ਸ੍ਰੀਨਗਰ, 17 ਦਸੰਬਰ (ਪੋਸਟ ਬਿਊਰੋ)- ਕੰਟਰੋਲ ਲਾਈਨ ਉਤੇ ਵੱਖ-ਵੱਖ ਸਥਾਨਾਂ 'ਤੇ ਪਾਕਿ ਰੇਂਜਰਸ ਅਤੇ ਸ਼ੱਕੀ ਘੁਸਪੈਠੀਆਂ ਦੀ ਗੋਲੀਬਾਰੀ ਵਿੱਚ ਤਿੰਨ ਜਵਾਨ ਮਾਰੇ ਗਏ ਹਨ।



ਜੰਮੂ-ਕਸ਼ਮੀਰ ਦੇ ਰਾਜੌਰੀ ਜ਼ਿਲੇ 'ਚ ਐੱਲ ਓ ਸੀ (ਕੰਟਰੋਲ ਰੇਖਾ) ਦੇ ਨੇੜੇ ਕੱਲ੍ਹ ਭਾਰਤੀ ਫੌਜ ਅਤੇ ਘੁਸਪੈਠੀਆਂ ਦਰਮਿਆਨ ਭਾਰੀ ਗੋਲੀਬਾਰੀ ਵਿੱਚ ਦੋ ਜਵਾਨ ਮਾਰੇ ਗਏ। ਉਥੇ ਪਾਕਿਸਤਾਨ ਨੇ ਜੰਮੂ-ਕਸ਼ਮੀਰ ਦੇ ਪੁਣਛ ਅਤੇ ਰਾਜੌਰੀ ਜ਼ਿਲੇ ਵਿੱਚ ਕੱਲ੍ਹ ਕੰਟਰੋਲ ਲਾਈਨ ਦੀਆਂ ਅਗਲੀਆਂ ਚੌਕੀਆਂ 'ਤੇ ਗੋਲੀਬਾਰੀ ਕੀਤੀ, ਜਿਸ ਦਾ ਭਾਰਤੀ ਫੌਜ ਬਹਾਦਰੀ ਨਾਲ ਜਵਾਬ ਦੇ ਰਹੀ ਸੀ। ਇਸ ਦੌਰਾਨ ਉੱਤਰੀ ਕਸ਼ਮੀਰ 'ਚ ਗੁਰੇਜ ਸੈਕਟਰ 'ਚ ਐੱਲ ਓ ਸੀ ਉਤੇ ਪਾਕਿਸਤਾਨ ਵੱਲੋਂ ਕੀਤੀ ਗੋਲੀਬਾਰੀ ਵਿੱਚ ਫੌਜ ਦਾ ਜਵਾਨ ਮਾਰਿਆ ਗਿਆ।

ਇੱਕ ਫੌਜੀ ਬੁਲਾਰੇ ਨੇ ਦੱਸਿਆ ਕਿ ਕਰੀਬ 9.45 ਵਜੇ ਪੁਣਛ ਦੇ ਕ੍ਰਿਸ਼ਨਾ ਘਾਟੀ ਸੈਕਟਰ 'ਚ ਕੰਟਰੋਲ ਲਾਈਨ 'ਤੇ ਪਾਕਿਸਤਾਨ ਦੀ ਫੌਜ ਨੇ ਬਿਨਾਂ ਕਿਸੇ ਉਕਸਾਵੇ ਦੇ ਜੰਗਬੰਦੀ ਦੀ ਉਲੰਘਣਾ ਕਰ ਕੇ ਛੋਟੇ ਹਥਿਆਰਾਂ ਨਾਲ ਗੋਲੀਬਾਰੀ ਕੀਤੀ ਅਤੇ ਮੋਰਟਰ ਨਾਲ ਗੋਲੇ ਦਾਗੇ। ਪਾਕਿਸਤਾਨੀ ਰੇਂਜਰ ਸ਼ੁੱਕਰਵਾਰ ਰਾਤ ਤੱਕ ਜਿਸ ਘੁਸਪੈਠੀਏ ਨੂੰ ਆਪਣੇ ਦੇਸ਼ ਦਾ ਨਾਗਰਿਕ ਮੰਨਣ ਤੋਂ ਇਨਕਾਰ ਕਰ ਕੇ ਉਸ ਦੀ ਲਾਸ਼ ਲੈਣ ਨਾਂਹ ਕਰ ਰਹੇ ਸਨ, ਕੱਲ੍ਹ ਪਾਕਿਸਤਾਨੀ ਨਾਗਰਿਕਾਂ ਦੇ ਦਬਾਅ ਹੇਠ ਉਨ੍ਹਾਂ ਮੰਨ ਲਿਆ ਕਿ ਮ੍ਰਿਤਕ ਘੁਸਪੈਠੀਆ ਪਾਕਿਸਤਾਨ ਦਾ ਹੀ ਸੀ। ਬੀ ਐੱਸ ਐੱਫ ਜਵਾਨਾਂ ਨੇ ਸਾਂਬਾ ਸੈਕਟਰ ਦੇ ਮੰਗੂ ਚੱਕ ਇਲਾਕੇ ਵਿੱਚ ਅੱਤਵਾਦੀਆਂ ਦੀ ਘੁਸਪੈਠ ਦਾ ਯਤਨ ਓਦੋਂ ਨਾਕਾਮ ਕਰ ਦਿੱਤਾ ਜਦੋਂ ਅੱਤਵਾਦੀ ਆਪਣੇ ਇੱਕ ਗਾਈਡ ਨਿਆਜ਼ ਅਹਿਮਦ ਦੀ ਅਗਵਾਈ ਹੇਠ ਭਾਰਤੀ ਖੇਤਰ ਅੰਦਰ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਸਨ। ਬੀ ਐੱਸ ਐੱਫ ਨੇ ਇੱਕ ਗਾਈਡ ਨੂੰ ਢੇਰ ਕਰ ਦਿੱਤਾ ਅਤੇ ਬਾਕੀ ਦੇ ਅੱਤਵਾਦੀ ਫਰਾਰ ਹੋ ਗਏ ਸਨ।

## ਫਿਟਨੈਸ ਮੈਡਲ ਜੇਲੀਨ ਨੇ ਚੇਅਰ ਚੈਲੰਜ ਪੂਰਾ ਕੀਤਾ

ਨਵੀਂ ਦਿੱਲੀ, 17 ਦਸੰਬਰ (ਪੋਸਟ ਬਿਊਰੋ)- ਆਪਣੇ ਦਿਲ ਖਿੱਚਵੇਂ ਸਰੀਰ ਲਈ ਦੁਨੀਆ ਭਰ ਵਿੱਚ ਮਸ਼ਹੂਰ ਫਿਟਨੈਸ ਮਾਡਲ ਜੇਲੀਨ ਓਜੇਡਾ ਓਚੋਆ ਨੇ ਆਖਰਕ ਚੇਅਰ ਚੈਲੰਜਰ ਆਸਾਨੀ ਨਾਲ ਪੂਰੀ ਕਰ ਦਿੱਤਾ ਹੈ।

ਅਮਰੀਕਾ ਦੀ 22 ਸਾਲਾ ਫਿਟਨੈਸ ਮਾਡਲ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਇੱਕ ਵੀਡੀਓ ਸ਼ੇਅਰ ਕੀਤੀ ਹੈ, ਜਿਸ ਵਿੱਚ ਉਹ ਆਪਣੇ ਪੁਰਸ਼ ਸਾਥੀ ਨਾਲ ਚੈਲੰਜ ਐਕਸਪੈਟ ਕਰਦੀ ਦਿਖਾਈ ਦੇ ਰਹੀ ਹੈ। ਚੈਲੰਜ ਦੌਰਾਨ ਜੇਲੀਨ ਆਸਾਨੀ ਨਾਲੇ ਕੁਰਸੀ ਚੁੱਕਦੀ ਹੋਈ ਦਿਖਾਈ ਦੇ ਰਹੀ ਹੈ, ਜਦ ਕਿ ਉਸ ਦਾ ਪੁਰਸ਼ ਸਾਥੀ ਇਸ ਕੰਮ ਵਿੱਚ ਅਸਫਲ ਹੋ ਜਾਂਦਾ ਹੈ। ਜੇਲੀਨ ਨੇ ਵੀਡੀਓ ਕੈਪਸ਼ਨ ਦਿੱਤੀ ਹੈ, 'ਜੇਸਨ ਨਾਲ ਚੇਅਰ ਚੈਲੰਜ ਟਰਾਈ ਕਰ ਰਹੀ ਹਾਂ। ਇਸ ਨੂੰ ਮਹਿਲਾਵਾਂ ਕਰ ਸਕਦੀਆਂ ਹਨ, ਜਦ ਕਿ ਪੁਰਸ਼ ਨਹੀਂ। ਇਸ ਨੂੰ ਆਪਣੇ ਘਰ 'ਤੇ ਟਰਾਈ ਕਰੋ, ਤੁਸੀਂ ਦੇਖੋਗੇ।"

ਵਰਨਣ ਯੋਗ ਹੈ ਕਿ ਚੇਅਰ ਚੈਲੰਜ ਲਈ ਦੀਵਾਰ ਤੋਂ ਦੋ ਕਦਮ ਦੂਰ ਖੜ੍ਹਾ ਹੋਣਾ ਹੁੰਦਾ ਹੈ। ਇਸ ਪਿੱਛੋਂ ਚੇਅਰ ਚੁੱਕਣੀ ਹੁੰਦੀ ਹੈ। ਸ਼ਰਤ ਇਹ ਹੈ ਕਿ ਵਿਅਕਤੀ ਦੇ ਪਿਛਲੇ ਪੈਰ ਉਪਰ ਨਹੀਂ ਉਠਣੇ ਚਾਹੀਦੇ ਤੇ ਨਾਲ ਸਿਰ ਵੀ ਦੀਵਾਰ 'ਤੇ ਲੱਗਾ ਰਹਿਣਾ ਚਾਹੀਦਾ ਹੈ। ਦੀਵਾਰ ਨਾਲ ਚੇਅਰ ਲੱਗਣ ਦੇ ਚੱਕਰ ਵਿੱਚ ਕਈ ਪੁਰਸ਼ ਆਪਣੀਆਂ ਅੱਡੀਆਂ ਚੁੱਕ ਲੈਂਦੇ ਹਨ, ਜਿਸ ਤੋਂ ਬਾਅਦ ਉਹ ਚੈਲੰਜ ਹਾਰ ਜਾਂਦੇ ਹਨ। ਉਥੇ ਹੀ ਲਗਭਗ ਹਰ ਮਹਿਲਾ ਇਹ ਚੈਲੰਜੇ ਸਫਲਤਾ ਦੇ ਨਾਲ ਪੂਰਾ ਕਰ ਰਹੀ ਹੈ। ਇਸ ਤੋਂ ਬਾਛਅਦ ਹੀ ਇਸ ਚੈਲੰਜ ਦੀ ਚਰਚਾ ਜ਼ੋਰ ਫੜ ਰਹੀ ਹੈ।

## ਲੜਕੇ ਵੱਧ ਹੁੰਦੇ ਹਨ ਆਈ ਡੀ ਐੱਚ ਡੀ ਦਾ ਸ਼ਿਕਾਰ

ਨਵੀਂ ਦਿੱਲੀ, 17 ਦਸੰਬਰ (ਪੋਸਟ ਬਿਊਰੋ)- ਅਟੈਂਸ਼ਨ ਡਿਫਿਸਿਟ ਡਿਸਆਰਡਰ ਛੋਟੇ ਬੱਚਿਆਂ 'ਚ ਹੋਣ ਵਾਲਾ ਇੱਕ ਕਾਮਨ ਰੋਗ ਹੈ, ਪਰ ਮੁਸ਼ਕਲ ਗੱਲ ਇਹ ਹੈ ਕਿ ਇਸ ਬਾਰੇ ਬਹੁਤ ਘੱਟ ਲੋਕਾਂ ਨੂੰ ਜਾਣਕਾਰੀ ਹੁੰਦੀ ਹੈ ਕਿ ਉਨ੍ਹਾਂ ਦਾ ਬੱਚਾ ਆਈ ਡੀ ਐੱਚ ਡੀ (ਅਟੈਂਸ਼ਨ ਡਿਫਿਸਿਟ ਹਾਈਪਰ ਐਕਟੀਵਿਟੀ ਡਿਸਆਰਡਰ) ਨਾਲ ਪੀੜਤ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਡਿਸਆਰਡਰ ਦੇ ਲੱਛਣ ਆਮ ਤੌਰ 'ਤੇ ਬੱਚਿਆਂ ਦੇ ਕਿਰਿਆਵਾਂ ਵਾਂਗ ਹੀ ਹੁੰਦੇ ਹਨ। ਇਸ ਲਈ ਮਾਤਾ-ਪਿਤਾ ਇਸ ਵਿੱਚ ਫਰਕ ਨਹੀਂ ਕਰ ਪਾਉਂਦੇ।

ਹਰ ਵੀਹ ਵਿੱਚੋਂ ਇੱਕ ਬੱਚਾ ਆਈ ਡੀ ਐੱਚ ਨਾਲ ਪੀੜਤ ਹੁੰਦਾ ਹੈ। ਖਾਸ ਗੱਲ ਇਹ ਕਿ ਲੜਕੀਆਂ ਦੇ ਮੁਕਾਬਲੇ ਇਹ ਡਿਸਆਰਡਰ ਲੜਕਿਆਂ ਵਿੱਚ ਵੱਧ ਦੇਖਣ ਨੂੰ ਮਿਲਦਾ ਹੈ। ਜਿਹੜੇ ਬੱਚੇ ਆਈ ਡੀ ਐੱਚ ਡੀ ਨਾਲ ਪੀੜਤ ਹੁੰਦੇ ਹਨ, ਉਹ ਆਮ ਤੌਰ 'ਤੇ ਹਾਈਪਰ ਐਕਟਿਵ ਹੁੰਦੇ ਹਨ ਅਤੇ ਕਿਸੇ ਇੱਕ ਕੰਮ 'ਤੇ ਧਿਆਨ ਲਗਾਤਾਰ ਨਹੀਂ ਦੇ ਸਕਦੇ। ਇੱਕਠੇ ਕਈ ਕੰਮਾਂ ਵਿੱਚ ਰੁੱਝੇ ਹੁੰਦੇ ਹਨ ਅਤੇ ਫਿਰ ਇੱਕ ਵੀ ਕੰਮ ਠੀਕ ਤਰ੍ਹਾਂ ਨਹੀਂ ਕਰ ਪਾਉਂਦੇ। ਇਹ ਡਿਸਆਰਡਰ ਤਿੰਨ-ਚਾਰ ਸਾਲ ਦੀ ਉਮਰ ਲੈ ਕੇ 13 ਸਾਲ ਤੱਕ ਦੀ ਉਮਰ ਤੱਕ ਬੱਚਿਆਂ ਵਿੱਚ ਦੇਖਣ ਨੂੰ ਮਿਲਦਾ ਹੈ ਅਤੇ ਇਸ ਉਮਰ ਤੋਂ ਬਾਅਦ ਜ਼ਿਆਦਾਤਰ ਬੱਚਿਆਂ 'ਚ ਇਹ ਮੁਸ਼ਕਲ ਦੂਰ ਹੋ ਜਾਂਦੀ ਹੈ, ਪਰ ਕੁਝ ਕੇਸਾਂ ਵਿੱਚ ਇਹ ਸਮੱਸਿਆ 25 ਸਾਲ ਦੀ ਉਮਰ ਤੱਕ ਬੱਚੇ ਨੂੰ ਪਰੇਸ਼ਾਨ ਕਰ ਸਕਦੀ ਹੈ। ਤਾਜ਼ਾ ਖੋਜ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਆਈ ਡੀ ਐੱਚ ਡੀ ਦੇ ਟ੍ਰੀਟਮੈਂਟ ਦੌਰਾਨ ਬੱਚਿਆਂ ਨੂੰ ਜੋ ਜ਼ਿਆਦਾਤਰ ਡਰੱਗਸ ਦਿੱਤੀ ਜਾਂਦੀ ਹੈ, ਉਹ 20 ਤੋਂ 40 ਫੀਸਦੀ ਤੱਕ ਬੱਚਿਆਂ 'ਤੇ ਬੇਅਸਰ ਸਾਬਿਤ ਹੁੰਦੀ ਹੈ।

ਓਮੇਗਾ-3 ਸਾਡੇ ਦਿਮਾਗ ਦੀ ਗ੍ਰੋਥ ਲਈ ਬਹੁਤ ਜ਼ਰੂਰੀ ਹੈ। ਸਿਹਤਮੰਦ ਬ੍ਰੇਨ ਲਈ ਵੀ ਇਸ ਦੀ ਲੋੜ ਹੁੰਦੀ ਹੈ। ਇਸ ਨੂੰ ਅਸੀਂ ਫਿਸ਼ ਹਾਇਲ ਅਤੇ ਨਟਸ ਤੋਂ ਪ੍ਰਾਪਤ ਕਰ ਸਕਦੇ ਹਾਂ। ਪਹਿਲਾਂ ਹੋਈ ਖੋਜ 'ਚ ਆਈ ਡੀ ਐੱਚ ਡੀ ਨਾਲ ਪੀੜਤ ਬੱਚਿਆਂ ਨੂੰ ਬਿਨਾਂ ਇਹ ਚੈਕ ਕੀਤੇ ਓਮੇਗਾ-3 ਦੀ ਡੋਜ਼ ਦਿੱਤੀ ਗਈ ਕਿ ਉਨ੍ਹਾਂ ਦੇ ਸਰੀਰ ਨੂੰ ਇਸ ਦੀ ਲੋੜ ਹੈ ਵੀ ਜਾਂ ਨਹੀਂ। ਜਨ੍ਹਾਂ ਬੱਚਿਆਂ ਨੂੰ ਇਸ ਦੀ ਲੋੜ ਹੁੰਦੀ ਹੈ, ਉਨ੍ਹਾਂ ਦੇ ਨਹੁੰ ਰੁੱਖੇ-ਖੁਰਦਰੇ, ਸੁੱਕੀ ਚਮੜੀ ਅਤੇ ਐਗਜਿਮਾ ਵਰਗੀ ਸਮੱਸਿਆ ਉਨ੍ਹਾਂ ਨੂੰ ਹੋ ਸਕਦੀ ਹੈ। ਟ੍ਰਾਂਸਲੇਸ਼ਨ ਸਾਇਕਾਈਟਰੀ ਜਨਰਲ 'ਚ ਛਪੀ ਇੱਕ ਤਾਜ਼ਾ ਖੋਜ 'ਚ ਦੱਸਿਆ ਗਿਆ ਹੈ ਕਿ ਜਿਨ੍ਹਾਂ ਬੱਚਿਆਂ ਨੂੰ ਓਮੇਗਾ-3 ਦੀ ਲੋੜ ਹੁੰਦੀ ਹੈ, ਉਨ੍ਹਾਂ ਨੂੰ ਆਈ ਡੀ ਐਚ ਡੀ ਦੇ ਟ੍ਰੀਟਮੈਂਟ ਦੌਰਾਨ ਇਸ ਦੇ ਸਪਲੀਮੈਂਟਸ ਦੇਣ 'ਤੇ ਤੇਜ਼ੀ ਨਾਲ ਸੁਧਾਰ ਹੁੰਦਾ ਹੈ।

## ਕਿਡਨੀ ਟਰਾਂਸਪਲਾਂਟ ਤੋਂ ਬਚਾਅ ਸਕਦੀ ਹੈ ਰੋਜ਼ ਇੱਕ ਕੱਪ ਕੌਫੀ



ਨਵੀਂ ਦਿੱਲੀ, 17 ਦਸੰਬਰ (ਪੋਸਟ ਬਿਊਰੋ)- ਬਹੁਤੇ ਲੋਕਾਂ ਨੂੰ ਕੌਫੀ ਪੀਣਾ ਪਸੰਦ ਹੁੰਦਾ ਹੈ। ਇਹੋ ਕਾਰਨ ਹੈ ਕਿ ਦੁਨੀਆ ਭਰ ਵਿੱਚ ਸਭ ਤੋਂ ਵੱਧ ਪੀਤਾ ਜਾਣ ਵਾਲਾ ਬ੍ਰੇਵਰੇਜ ਹੈ ਕੌਫੀ। ਜੇ ਸੀਮਿਤ ਮਾਤਰਾ 'ਚ ਲੋੜ ਦੇ ਹਿਸਾਬ ਨਾਲ ਪੀਤੀ ਜਾਵੇ ਤਾਂ ਕੌਫੀ ਪੀਣ ਦੇ ਕਈ ਸਿਹਤ ਸੰਬੰਧੀ ਲਾਭ ਹਨ। ਤੁਹਾਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਕੌਫੀ ਪੀਣ ਦੇ ਫਾਇਦਿਆਂ ਦੀ ਸੂਚੀ 'ਚ ਇੱਕ ਨਵਾਂ ਫਾਇਦਾ ਸ਼ਾਮਲ ਹੋ ਗਿਆ ਹੈ, ਜੋ ਇੱਕ ਤਾਜ਼ਾ ਖੋਜ 'ਚ ਸਾਹਮਣੇ ਆਇਆ ਹੈ। ਤਾਜ਼ਾ ਖੋਜ 'ਚ ਸਾਹਮਣੇ ਆਇਆ ਹੈ ਕਿ ਕੌਫੀ ਪੀਣ ਨਾਲ ਕਿਡਨੀ ਫੰਕਸ਼ਨ 'ਚ ਸੁਧਾਰ ਹੁੰਦਾ ਹੈ।

ਅਮਰੀਕਨ ਜਰਨਲ ਆਫ ਕਿਡਨੀ ਡਿਜ਼ੀਜ਼ ਵਿੱਚ ਪਬਲਿਸ਼ ਹੋਈ ਖੋਜ ਮੁਤਾਬਕ ਕ੍ਰਾਨਿਕ ਕਿਡਨੀ ਡਿਜ਼ੀਜ਼ ਇੱਕ ਅਜਿਹੀ ਸਥਿਤੀ ਹੈ, ਜਿਸ ਵਿੱਚ ਕਿਡਨੀ ਦੀ ਵੇਸਟ ਨੂੰ ਫਿਲਟਰ ਕਰਨ ਦੀ ਸਮਰੱਥਾ ਘੱਟ ਹੁੰਦੀ ਹੈ ਅਤੇ ਕਿਡਨੀ ਹੌਲੀ ਹੌਲੀ ਕੰਮ ਕਰਨਾ ਬੰਦ ਕਰ ਦਿੰਦੀ ਹੈ। ਜੇ ਸਮੇਂ ਸਿਰ ਇਸ ਸਮੱਸਿਆ ਦਾ ਹਲ ਨਾ ਕੀਤਾ ਜਾਵੇ ਤਾਂ ਕਿਡਨੀ ਫੇਲ੍ਹ ਹੋਣ ਦੀ ਸੰਭਾਵਨਾ ਕਈ ਗੁਣਾ ਵਧ ਜਾਂਦੀ ਹੈ। ਇਸ ਦਾ ਇਲਾਜ ਸਿਰਫ ਡਾਇਲਿਸਿਸ ਤੇ ਕਿਡਨੀ ਟਰਾਂਸਪਲਾਂਟ ਰਹਿ ਜਾਂਦਾ ਹੈ।

ਵਰਲਡ ਹੈਲਥ ਆਰਗੇਨਾਈਜ਼ੇਸ਼ਨ ਮੁਤਾਬਕ ਆਮ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਕਿਡਨੀ ਫੇਲ੍ਹ ਡਾਇਬਟੀਜ਼ ਤੇ ਹਾਈਪਰਟੈਂਸ਼ਨ ਕਾਰਨ ਹੁੰਦਾ ਹੈ, ਜਦ ਕਿ ਇਸ ਦੇ ਅਨੇਕ ਕ੍ਰਾਨਿਕ ਰੀਜਨ ਹੁੰਦੇ ਹਨ। ਇਹ ਗਲੋਬਲ ਲੈਵਲ 'ਤੇ ਕਈ ਹੋਰ ਜਾਨਲੇਵਾ ਬਿਮਾਰੀਆਂ ਦੇ ਵਧਣ ਵੱਲ ਇਸ਼ਾਰਾ ਹੋ ਸਕਦੇ ਹਨ। ਮਿਸਾਲ ਵਜੋਂ ਗਲੋਬਲ ਬਰਡਨ ਆਫ ਡਿਜ਼ੀਜ਼ (ਜੀ ਬੀ ਡੀ) 2015 ਦੀ ਸਟੱਡੀ ਮੁਤਾਬਕ 1.2 ਮਿਲੀਅਨ ਡੈੱਥ ਅਤੇ 19 ਮਿਲੀਅਨ ਡਿਸਐਬਿਲਟੀ ਡਿਜ਼ੀਜ਼ ਕਾਰਨ ਕਈ ਕਾਰਨਾਂ ਨਾਲ ਹੋਈ ਕਾਰਡੀਓਵੈਸਕੁਲਰ ਡਿਜ਼ੀਜ਼ ਰਹੀ ਹੈ। ਖੋਜ ਵਿੱਚ ਪਾਇਆ ਗਿਆ ਹੈ ਕਿ ਜੋ ਲੋਕ ਰੋਜ਼ ਇੱਕ ਕੱਪ ਕੌਫੀ ਪੀਂਦੇ ਹਨ, ਉਨ੍ਹਾਂ ਵਿੱਚ ਸੀ ਕੇ ਡੀ ਯਾਨੀ ਕ੍ਰਾਨਿਕ ਕਿਡਨੀ ਡਿਜ਼ੀਜ਼ ਹੋਣ ਦੀ ਸੰਭਾਵਨਾ ਬਹੁਤ ਘੱਟ ਹੋ ਜਾਂਦੀ ਹੈ ਕਿਉਂਕਿ ਕੌਫੀ ਕਿਡਨੀ ਦੇ ਫੰਕਸ਼ਨ ਨੂੰ ਠੀਕ ਕਰਦੀ ਹੈ।

## ਭਰਾ ਦੀ ਸੱਸ ਭਜਾ ਲਿਆਇਆ ਗੱਭਰੂ, ਧੀ ਬਣੀ ਜੇਠਾਣੀ ਦੀ ਮਾਂ



ਸ਼ਰਾਵਸਤੀ, 17 ਦਸੰਬਰ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਸ਼ਰਾਵਸਤੀ ਜ਼ਿਲੇ ਦੀ ਭਿਨਗਾ ਕੋਤਵਾਲੀ ਦੇ ਵੀਰਪੁਰ ਪਿੰਡ ਵਿੱਚ ਇੱਕ ਨੌਜਵਾਨ ਆਪਣੇ ਭਰਾ ਦੀ ਸੱਸ ਨੂੰ ਭਜਾ ਕੇ ਘਰ ਲੈ ਆਇਆ। ਪਰਵਾਰ ਵਾਲਿਆਂ ਨੇ ਵਿਰੋਧ ਕੀਤਾ ਤਾਂ ਜਵਾਈ ਨੇ ਫੋਨ ਕਰ ਕੇ ਪੁਲਸ ਨੂੰ ਬੁਲਾ ਲਿਆ। ਪੁਲਸ ਨੇ ਸਮਝਾ-ਬੁਝਾ ਕੇ ਮਾਮਲਾ ਸ਼ਾਂਤ ਕਰਾਇਆ। ਪੁਲਸ ਦਾ ਇਹ ਵੀ ਕਹਿਣਾ ਹੈ ਕਿ ਇਸ ਮਾਮਲੇ ਵਿੱਚ ਥਾਣੇ ਵਿੱਚ ਕੋਈ ਸ਼ਿਕਾਇਤ ਨਹੀਂ ਆਈ।

ਮਿਲੀ ਜਾਣਕਾਰੀ ਮੁਤਾਬਕ ਵਿਜੇ ਕੁਮਾਰ ਪੁੱਤਰ ਨਨਕੂ ਬਾਬਾ ਆਪਣੇ ਵੱਡੇ ਭਰਾ ਦੀ ਸੱਸ ਨੂੰ ਮਲਕਨਵਾ ਪਿੰਡ ਤੋਂ ਭਜਾ ਕੇ ਘਰ ਲੈ ਆਇਆ। ਸੱਸ ਵੀ ਜਵਾਈ ਦੇ ਭਰਾ ਨਾਲ ਸਹਿਮਤੀ ਨਾਲ ਆ ਗਈ। ਇਸ ਦੀ ਜਾਣਕਾਰੀ ਜਦ ਪਰਵਾਰ ਵਾਲਿਆਂ ਨੂੰ ਹੋਈ ਤਾਂ ਦੋਵਾਂ ਦੇ ਘਰ ਵਿੱਚ ਰੁਕਣ ਤੋਂ ਹੰਗਾਮਾ ਹੋ ਗਿਆ। ਡਰੇ ਹੋਏ ਜਵਾਈ ਵਿਜੇ ਨੇ ਫੋਨ ਕਰ ਕੇ ਪੁਲਸ ਨੂੰ ਬੁਲਾ ਲਿਆ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਦ ਜਾਂਚ-ਪੜਤਾਲ ਕੀਤੀ ਤਾਂ ਉਹ ਮਾਮਲਾ ਸੁਣ ਕੇ ਹੈਰਾਨ ਰਹਿ ਗਈ। ਕੁੱਟਮਾਰ ਨਾ ਕਰਨ ਦੀ ਚਿਤਾਵਨੀ ਦੇ ਕੇ ਪੁਲਸ ਵਾਪਸ ਚਲੀ ਗਈ। ਪਿੰਡ ਵਿੱਚ ਘਟਨਾ ਬਾਰੇ ਕਈ ਤਰ੍ਹਾਂ ਦੀਆਂ ਗੱਲਾਂ ਹੋ ਰਹੀਆਂ ਹਨ। ਬੇਟੀ ਆਪਣੀ ਮਾਂ ਦੀ ਜੇਠਾਣੀ ਬਣ ਗਈ ਹੈ। ਘਰਵਾਲੇ ਰਿਸ਼ਤੇ ਨੂੰ ਕਿਸੇ ਕੀਮਤ 'ਤੇ ਸਵੀਕਾਰ ਕਰਨ ਨੂੰ ਤਿਆਰ ਨਹੀਂ। ਘਟਨਾ ਦਾ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ ਹੈ। ਪੁਲਸ ਵੱਲੋਂ ਪੁੱਛਗਿੱਛ ਕਰਨ 'ਤੇ ਉਨ੍ਹਾਂ ਨੇ ਕਿਹਾ ਕਿ ਦੋਵੇਂ ਬਾਲਿਗ ਹਨ। ਸਹਿਮਤੀ ਨਾਲ ਰਹਿਣ ਦੀ ਛੋਟ ਕਾਨੂੰਨ ਦਿੰਦਾ ਹੈ।

## ਉਨਾਓ ਐਸ ਐਸ ਪੀ ਦਫ਼ਤਰ ਅੱਗੇ ਔਰਤ ਨੇ ਖੁਦ ਨੂੰ ਅੱਗ ਲਾਈ



ਉਨਾਓ, 17 ਦਸੰਬਰ (ਪੋਸਟ ਬਿਊਰੋ)- ਔਰਤਾਂ ਖ਼ਿਲਾਫ਼ ਲਗਾਤਾਰ ਵੱਧ ਦੇ ਅਪਰਾਧਾਂ ਬਾਰੇ ਸੁਰਖੀਆਂ 'ਚ ਬਣੇ ਉੱਤਰ ਪ੍ਰਦੇਸ਼ ਦੇ ਉਨਾਓ ਵਿੱਚ ਕੱਲ੍ਹ ਇੱਕ 23 ਸਾਲਾਂ ਔਰਤ ਨੇ ਐਸ ਐਸ ਪੀ ਦਫ਼ਤਰ ਅੱਗੇ ਖ਼ੁਦ ਨੂੰ ਅੱਗ ਲਾ ਕੇ ਦੋਸ਼ ਲਾਏ ਕਿ ਉਸ ਨਾਲ ਬਲਾਤਕਾਰ ਕੀਤੇ ਜਾਣ ਦੀ 2 ਮਹੀਨੇ ਪਹਿਲਾਂ ਸ਼ਿਕਾਇਤ ਦਰਜ ਕਰਨ ਦੇ ਬਾਵਜੂਦ ਕੇਸ ਦਰਜ ਨਹੀਂ ਕੀਤਾ ਜਾ ਰਿਹਾ। ਪੁਲਸ ਸੁਪਰਡੰਟ ਵਿਕਰਾਂਤ ਵੀਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਅੱਗ ਨਾਲ ਝੁਲਸੀ ਔਰਤ ਹਸਪਤਾਲ ਭਰਤੀ ਕਰਵਾਈ ਹੈ, ਜਿਥੋਂ ਬਾਅਦ 'ਚ ਪੀੜਤਾਂ ਨੂੰ ਕਾਨਪੁਰ ਦੇ ਹਸਪਤਾਲ ਲਈ ਰੈਫਰ ਕਰ ਦਿੱਤਾ ਗਿਆ।

ਜ਼ਿਲਾ ਪੁਲਸ ਮੁਖੀ ਨੇ ਦੱਸਿਆ ਕਿ ਪੀੜਤਾ ਵੱਲੋਂ ਦੋ ਅਕਤੂਬਰ ਨੂੰ ਇੱਕ ਵਿਅਕਤੀ ਖ਼ਿਲਾਫ਼ ਬਲਾਤਕਾਰ ਦੀ ਸ਼ਿਕਾਇਤ ਦਿੱਤੀ ਗਈ ਸੀ, ਜਿਸ ਨਾਲ ਉਹ ਕਈ ਸਾਲਾਂ ਤੋਂ 'ਲਿਵ ਇਨ ਰਿਲੇਸਨਸ਼ਿਪ' ਸੀ। ਉਸਨੇ ਆਪਣੇ ਸਾਥੀ ਵੱਲੋਂ ਵਿਆਹ ਤੋਂ ਇਨਕਾਰ 'ਤੇ ਸ਼ਿਕਾਇਤ ਦਰਜ ਕਰਵਾਈ ਸੀ, ਪਰ ਦੋਸ਼ੀ ਨੇ ਹਾਈ ਕੋਰਟ ਤੋਂ ਅਗਾਉਂ ਜ਼ਮਾਨਤ ਲੈ ਲਈ ਸੀ। ਇੱਕ ਮੈਜਿਸਟ੍ਰੇਟ ਵੱਲੋਂ ਪੀੜਤਾ ਦਾ ਬਿਆਨ ਲੈਣ ਦੀ ਕੋਸ਼ਿਸ਼ ਕੀਤੀ ਗਈ, ਪਰ ਉਹ ਗੱਲਬਾਤ ਕਰਨ ਦੀ ਹਾਲਤ 'ਚ ਨਹੀਂ ਹੈ। ਇਸ ਦੌਰਾਨ ਸੀ ਐਮ ਓ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਪੀੜਤਾ 60-70 ਫ਼ੀਸਦੀ ਸੜ ਚੁੱਕੀ ਹੈ।

## ਜਨਮ ਤੋਂ ਪਹਿਲਾਂ ਹੀ ਕੇਸ ਦਰਜ

ਭੋਪਾਲ, 17 ਦਸੰਬਰ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਵਿੱਚ ਸਭ ਤੋਂ ਗਜਬ ਦਾ ਨਾਅਰਾ ਲਗਭਗ ਇੱਕ ਦਹਾਕੇ ਪਹਿਲਾਂ ਬਣਿਆ ਸੀ, ਪਰ ਅਸਲ ਵਿੱਚ ਮੱਧ ਪ੍ਰਦੇਸ਼ ਤਾਂ ਕਈ ਦਹਾਕਿਆਂ ਤੋਂ ਅਜਬ-ਗਜਬ ਰਿਹਾ ਹੈ ਅਤੇ ਅੱਜ ਵੀ ਹੈ। ਇਸ ਦਾ ਨਮੂਨਾ ਹੈ ਨੀਮਚ ਜ਼ਿਲੇ ਦਾ ਇੱਕ ਘਟਨਾਕ੍ਰਮ। ਇਥੇ ਦੋਸ਼ੀ ਦਾ ਜਨਮ ਬਾਅਦ ਵਿੱਚ ਹੁੰਦਾ ਹੈ ਤੇ ਉਸ ਦੇ ਖਿਲਾਫ ਮਾਮਲਾ ਪਹਿਲਾਂ ਹੀ ਦਰਜ ਹੋ ਜਾਂਦਾ ਹੈ।

ਜਾਵਦ ਤਹਿਸੀਲ ਖੇਤਰ ਦੇ ਉਮੇਦਪੁਰਾ ਪਿੰਡ ਦੇ ਕਿਊਮ ਖਾਨ ਨੇ ਮਾਰਚ 1991 ਵਿੱਚ ਇੱਕ ਪਲਾਟ ਖਰੀਦਿਆ ਸੀ, ਇਸ ਨੂੰ ਖਰੀਦਦੇ ਸਮੇਂ ਦਸਤਾਵੇਜ਼ ਦੇ ਟਾਈਪਿੰਗ ਵਿੱਚ ਗੜਬੜ ਹੋਈ ਅਤੇ ਜ਼ਮੀਨ ਬਾਰੇ ਵਿਵਾਦ ਹੋ ਗਿਆ। ਇਸ ਉੱਤੇ ਹਾਰੂਨ ਮੁਹੰਮਦ ਨੇ ਕਿਊਮ ਅਤੇ ਉਸ ਦੇ ਨਾਲ ਦੋ ਹੋਰਨਾਂ ਵਿਅਕਤੀਆਂ ਦੇ ਖਿਲਾਫ ਥਾਣੇ ਵਿੱਚ ਰਿਪੋਰਟ ਦਰਜ ਕਰਵਾ ਦਿੱਤੀ। ਹਾਰੂਨ ਦੀ ਰਿਪੋਰਟ ਵਿੱਚ ਪਿਤਾ ਕਿਊਮ ਦੇ ਨਾਲ ਇਮਤਿਆਜ਼ ਅਤੇ ਇਮਰਾਨ ਨੂੰ ਵੀ ਦੋਸ਼ੀ ਬਣਾਇਆ ਗਿਆ। ਇਮਤਿਆਜ਼ ਨੂੰ ਪਿਛਲੇ ਦਿਨੀਂ ਪਤਾ ਲੱਗਾ ਕਿ ਸਾਲ 1992 ਵਿੱਚ ਦਰਜ ਹੋਏ ਮਾਮਲੇ ਵਿੱਚ ਉਸ ਦਾ ਵੀ ਨਾਂਅ ਹੈ ਤਾਂ ਉਹ ਇਹ ਜਾਣ ਕੇ ਹੈਰਾਨ ਹੋ ਗਿਆ। ਉਸ ਦਾ ਕਹਿਣਾ ਹੈ ਕਿ ਉਸ ਦਾ ਜਨਮ 15 ਮਈ 1993 ਨੂੰ ਹੋਇਆ, ਜਦ ਕਿ ਜ਼ਮੀਨ ਦਾ ਸੌਦਾ ਮਾਰਚ 1991 ਵਿੱਚ ਹੋਇਆ ਸੀ, ਜਿਸ ਦੀ ਥਾਣੇ ਵਿੱਚ ਸ਼ਿਕਾਇਤ ਦਰਜ ਹੋਈ।

## ਰੈਫਰੀ ਉੱਤੇ ਖਿਡਾਰੀ ਨੂੰ ਬਾਂਦਰ ਕਹਿਣ ਦਾ ਦੋਸ਼

ਬੰਗਲੌਰ, 17 ਦਸੰਬਰ (ਪੋਸਟ ਬਿਊਰੋ)- ਮੁੰਬਈ ਸਿਟੀ ਐਫ ਸੀ ਦੇ ਮੁੱਖ ਕੋਚ ਜਾਰਜ ਕੋਸਟਾ ਨੇ ਦੋਸ਼ ਲਾਇਆ ਹੈ ਕਿ ਬੰਗਲੌਰ ਐੱਫ ਸੀ ਵਿਰੁੱਧ ਉਸ ਦੀ ਟੀਮ ਦੇ ਇੰਡੀਅਨ ਸੁਪਰ ਲੀਗ ਮੈਚ ਦੌਰਾਨ ਰੈਫਰੀ ਨੇ ਉਸ ਦੇ ਇੱਕ ਖਿਡਾਰੀ ਨੂੰ ਬਾਂਦਰ ਕਿਹਾ। ਆਲ ਇੰਡੀਆ ਫੁੱਟਬਾਲ ਫੈਡਰੇਸ਼ਨ (ਏ ਆਈ ਐੱਫ ਐੱਫ) ਇਸ ਦੀ ਜਾਂਚ ਕਰੇਗਾ।

ਐਤਵਾਰ ਨੂੰ ਕਾਂਤੀਵਰਾ ਸਟੇਡੀਅਮ ਵਿੱਚ ਬੰਗਲੌਰ ਐੱਫ ਸੀ ਵਿਰੁੱਧ ਟੀਮ ਦੀ ਤਿੰਨ-ਦੋ ਦੀ ਜਿੱਤ ਮਗਰੋਂ ਪ੍ਰੈਸ ਕਾਨਫਰੰਸ ਸ਼ੁਰੂ ਕਰਨ ਤੋਂ ਪਹਿਲਾਂ ਕੋਸਟਾ ਨੇ ਬਿਆਨ ਪੜ੍ਹਿਆ ਕਿ ਸਾਊਦੀ ਅਰਬ ਦੇ ਰੈਫਰੀ ਤੁਰਕੀ ਅਲਖੁਦਾਇਰ ਨੇ ਗੇਬਨ ਦੇ ਖਿਡਾਰੀ ਸਰਜ ਕੇਵਿਨ ਨੂੰ ਬਾਂਦਰ ਕਿਹਾ ਅਤੇ ਕੁਝ ਇਸ਼ਾਰਾ ਕੀਤਾ, ਜਿਹੜਾ ਅਪਮਾਨ ਜਨਕ ਸੀ। ਕੋਸਟਾ ਨੇ ਕਿਹਾ, ਮੈਂ ਸਨਮਾਨ ਦੀ ਗੱਲ ਕਰ ਰਿਹਾ ਹਾਂ, ਜਿਹੜਾ ਉਸ ਨੇ (ਮੈਚ ਅਧਿਕਾਰੀ) ਕੱਲ੍ਹ ਇੱਕ ਖਿਡਾਰੀ ਸਰਜ ਕੇਵਿਨ ਦੇ ਨਾਲ ਮੈਚ ਦੌਰਾਨ ਨਹੀਂ ਦਿਖਾਇਆ। ਇਸ ਰੈਫਰੀ ਨੇ ਕੁਝ ਇਸ਼ਾਰੇ ਕੀਤੇ, ਉਸ ਨੰ ਬਾਂਦਰ ਕਿਹਾ ਅਤੇ ਇਸ ਤਰ੍ਹਾਂ ਦੀਆਂ ਚੀਜ਼ਾਂ ਹੋਈਆਂ ਕਿ ਮੈਂ ਆਪਣੀਆਂ ਅੱਖਾਂ ਬੰਦ ਨਹੀਂ ਕਰ ਸਕਿਆ। ਲੀਗ ਦੇ ਆਯੋਜਕ ਐੱਫ ਐੱਸ ਡੀ ਐੱਲ ਦੇ ਬੁਲਾਰੇ ਨੇ ਕਿਹਾ ਕਿ ਏ ਆਈ ਐੱਫ ਐੱਫ ਤੋਂ ਇਸ ਦੋਸ਼ ਦੀ ਜਾਂਚ ਕਰਨ ਦੀ ਬੇਨਤੀ ਕੀਤੀ ਗਈ ਹੈ। ਲੀਗ ਦੇ ਆਯੋਜਕ ਐੱਫ ਐੱਸ ਡੀ ਐੱਲ ਦੇ ਬੁਲਾਰੇ ਨੇ ਕਿਹਾ ਕਿ ਏ ਆਈ ਐੱਫ ਐੱਫ ਤੋਂ ਇਸ ਦੋਸ਼ ਦੀ ਜਾਂਚ ਕਰਨ ਦੀ ਬੇਨਤੀ ਕੀਤੀ ਗਈ ਹੈ। ਉਸ ਨੇ ਕਿਹਾ, ਆਈ ਐੱਸ ਐੱਲ ਨੇ ਏ ਆਈ ਐੱਫ ਐੱਫ ਨੂੰ ਇਸ ਮਾਮਲੇ ਦੀ ਪੂਰੀ ਤਰ੍ਹਾਂ ਨਾਲ ਜਾਂਚ ਕਰਨ ਨੂੰ ਕਿਹਾ ਹੈ ਤੇ ਇਸ ਤੋਂ ਅੱਗੇ ਇਸ ਸਮੇਂ ਟਿੱਪਣੀ ਕਰਨਾ ਠੀਕ ਨਹੀਂ ਹੋਵੇਗਾ। ਆਈ ਐੱਸ ਐੱਲ ਦੇ ਨਿਯਮਾਂ ਅਨੁਸਾਰ ਇਸ ਤਰ੍ਹਾਂ ਦੇ ਸਾਰੇ ਮਾਮਲਿਆਂ ਵਿੱਚ ਏ ਆਈ ਐੱਫ ਐੱਫ ਦੀ ਅਨੁਸ਼ਾਸਨ ਕਮੇਟੀ ਨਜਿੱਠਦੀ ਹੈ। ਕੇਵਿਨ ਅਫਰੀਕੀ ਦੇਸ਼ ਗੇਬਨ ਦਾ ਨਿਵਾਸੀ ਹੈ ਅਤੇ ਮੁੰਬਈ ਸਿਟੀ ਲਈ ਮਿਡਫੀਲਡਰ ਦੇ ਰੂਪ ਵਿੱਚ ਖੇਡਦਾ ਹੈ।

MICHELIN
Hankook
Continental
ROADLUX
BFGoodrich
AEOLUS
COMPASAL
Chevron
Delo
Special OIL CHANGE Rates

BEST TRUCK REPAIR & TIRE CENTRE

We also Specialize in Engine, AC, Transmission, Differential Rebuild, Safety Inspection & All Kinds of Electric Work

ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ

SPECIAL ON TRUCK ALIGNMENT | BRAND NEW MACHINES 2018

Brake & Drum Made in U.S - On Special Sale!

Special Sale 4 CAT Batteries $550 with Installation

Special Sale on Smartway Approved Tires $245 each

4 Mechanics Needed Urgently

www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲ੍ਹਾ
30 Truck Parking Also Available!

1715 Sismet Rd, Mississauga | Call Ranjit: 416.624.8351 | Tel: 905.625.0055

# ਸ਼ੂਗਰ ਦੇ ਰੋਗੀ ਦਿਨ ਵਿੱਚ ਤਿੰਨ ਵਾਰ ਖਾਣਾ ਖਾਓ

ਲੰਡਨ, 17 ਦਸੰਬਰ (ਪੋਸਟ ਬਿਊਰੋ)- ਸ਼ੂਗਰ ਤੋਂ ਪੀੜਤ ਲੋਕਾਂ ਨੂੰ ਡਾਕਟਰ ਅਕਸਰ ਦਿਨ ਵਿੱਚ ਛੇ ਵਾਰ ਥੋੜ੍ਹਾ ਥੋੜ੍ਹਾ ਭੋਜਨ ਖਾਣ ਨੂੰ ਕਹਿੰਦੇ ਹਨ। ਇੱਕ ਤਾਜ਼ਾ ਖੋਜ ਅਨੁਸਾਰ ਏਦਾਂ ਖਾਣ ਨਾਲ ਮਰੀਜ਼ਾਂ ਨੂੰ ਹੋਰ ਵੱਧ ਇਲਾਜ ਦੀ ਜ਼ਰੂਰਤ ਪੈ ਸਕਦੀ ਹੈ। ਇਸ ਲਈ ਦਿਨ ਵਿੱਚ ਡਾਕਟਰ ਤਿੰਨ ਵਾਰ ਖਾਣਾ ਲੈਣ ਦੀ ਸਲਾਹ ਦੇ ਰਹੇ ਹਨ।

ਦੁਨੀਆ ਵਿੱਚ 40 ਕਰੋੜ ਲੋਕ ਸ਼ੂਗਰ ਤੋਂ ਪੀੜਤ ਹਨ। ਇਸ ਵਿੱਚ ਸਭ ਤੋਂ ਵੱਧ ਟਾਈਪ-2 ਸ਼ੂਗਰ ਪੀੜਤ ਹਨ। ਜ਼ਿਆਦਾਤਰ ਡਾਕਟਰ ਸ਼ੂਗਰ ਦੇ ਮਰੀਜ਼ਾਂ ਨੂੰ ਖ਼ੂਨ ਵਿੱਚ ਸ਼ੱਕਰ ਦੀ ਮਾਤਰਾ ਕੰਟਰੋਲ ਕਰਨ ਦੀ ਦਵਾ ਦਿੰਦੇ ਅਤੇ ਮਰੀਜ਼ਾਂ ਨੂੰ ਆਪਣੇ ਖਾਣ-ਪਾਣ ਦੀਆਂ ਆਦਤਾਂ ਅਤੇ ਜੀਵਨ ਸੁਧਾਰਨ ਦੀ ਸਲਾਹ ਦੇਂਦੇ ਹਨ। ਕਈ ਡਾਕਟਰਾਂ ਦੀ ਰਾਏ ਹੈ ਕਿ ਟਾਈਪ-2 ਸ਼ੂਗਰ ਦੇ ਮਰੀਜ਼ਾਂ ਨੂੰ ਥੋੜੀ-ਥੋੜੀ ਦੇਰ ਬਾਅਦ ਥੋੜ੍ਹਾ-ਥੋੜ੍ਹਾ ਖਾਣਾ ਲੈਣਾ ਚਾਹੀਦਾ ਹੈ। ਉਨ੍ਹਾਂ ਨੂੰ ਦਿਨ ਵਿੱਚ ਛੇ ਵਾਰ ਛੋਟੀ ਖੁਰਾਕ ਲੈਣ ਦੀ ਸਲਾਹ ਦਿੱਤੀ ਜਾਂਦੀ ਹੈ।

ਇਸਰਾਈਲ ਦੀ ਤੇਲ ਅਵੀਵ ਯੂਨੀਵਰਸਿਟੀ ਦੀ ਇੱਕ ਖੋਜ ਮੁਤਾਬਕ ਛੇ ਵਾਰ ਖਾਣ ਦਾ ਢੰਗ ਗਲਤ ਹੈ ਅਤੇ ਇਸ ਨਾਲ ਕਈ ਪਰੇਸ਼ਾਨੀਆਂ ਹੋ ਸਕਦੀਆਂ ਹਨ। ਇਹ ਉਨ੍ਹਾਂ ਮਰੀਜ਼ਾਂ ਲਈ ਵੱਧ ਖਰਾਬ ਹੈ, ਜਿਨ੍ਹਾਂ ਨੂੰ ਬਲੱਡ ਸ਼ੂਗਰ ਕੰਟਰੋਲ ਕਰਨ ਲਈ ਇੰਸੁਲਿਨ ਲੈਣ ਦੀ ਲੋੜ ਪੈਂਦੀ ਹੈ। ਖੋਜ ਕਰਤਾ ਦੇ ਅਨੁਸਾਰ ਇੰਸੁਲਿਤ ਦੇ ਜ਼ਿਆਦਾ ਡੋਜ ਨਾਲ ਗਲੂਕੋਜ਼ ਦੀ ਮਾਤਰਾ ਵਿੱਚ ਅਸੰਤੁਲਨ ਹੁੰਦਾ ਹੈ। ਇਸ ਨਾਲ ਵਜਨ ਵਿੱਚ ਵਧ ਸਕਦਾ ਅਤੇ ਦਿਲ ਦੀ ਬਿਮਾਰੀਆਂ ਦਾ ਖਤਰਾ ਵੱਧ ਸਕਦਾ ਹੈ। ਖੋਜ ਕਰਤਾ ਦੀ ਟੀਮ ਅਨੁਸਾਰ ਸਰੀਰ ਦੀ ਜੈਵਿਕ ਘੜੀ ਅਨੁਸਾਰ ਖਾਣਾ ਖਾਣ ਨਾਲ ਸਰੀਰ ਦੀਆਂ ਪ੍ਰਕਿਰਿਆਵਾਂ ਨੂੰ ਬੇਹਤਰ ਢੰਗ ਨਾਲ ਚਲਾਇਆ ਜਾ ਸਕਦਾ ਹੈ ਜਿਸ ਨਾਲ ਇੱਕ ਵਿਅਕਤੀ ਦੀ ਇੰਸੁਲਿਨ ਦੀ ਲੋੜ ਵਿੱਚ ਕਮੀ ਲਿਆਂਦੀ ਜਾ ਸਕਦੀ ਹੈ। ਜੈਵਿਕਾ ਘੜੀ ਅਨੁਸਾਰ ਵਿਅਕਤੀ ਨੂੰ ਦਿਨ ਵਿੱਚ ਤਿੰਨ ਵਾਰ ਭੋਜਨ ਕਰਨਾ ਚਾਹੀਦਾ ਹੈ। ਖੋਜ ਕਰਤਾ ਨੇ ਟਾਈਪ-2 ਸ਼ੂਗਰ ਨਾਲ ਪੀੜਤ 28 ਲੋਕਾਂ 'ਤੇ ਅਧਿਐਨ ਕੀਤਾ ਅਤੇ ਇੱਕ ਗਰੁੱਪ ਨੂੰ ਦਿਨ ਵਿੱਚ ਛੇ ਵਾਰ ਭੋਜਨ ਦਿੱਤਾ ਅਤੇ ਦੂਸਰੇ ਨੂੰ ਤਿੰਨ ਵਾਰ। ਤਿੰਨ ਵਾਰ ਖਾਣ ਵਾਲੀ ਵਿਵਸਥਾ ਵਿੱਚ ਸਵੇਰੇ ਵੱਧ ਖਾਣ ਨੂੰ ਕਿਹਾ ਗਿਆ ਅਤੇ ਰਾਤ ਘੱਟ ਤੋਂ ਘੱਟ ਖਾਣ ਦੀ ਸਲਾਹ ਦਿੱਤੀ ਗਈ। ਉਨ੍ਹਾਂ ਨੇ ਨਾਸ਼ਤੇ ਵਿੱਚ ਬ੍ਰੈਡ, ਫਲ ਅਤੇ ਮਿਠਾਈ ਖਾਣ ਲਈ ਦਿੱਤੀ। ਦੁਪਹਿਰ ਨੂੰ ਪੂਰੀ ਮਾਤਰਾ ਵਿੱਚ ਭੋਜਨ ਦਿੱਤਾ ਅਤੇ ਰਾਤ ਨੂੰ ਖਾਣ ਲਈ ਬੇਹਦ ਘੱਟ ਅਤੇ ਬਿਨਾ ਸਟਾਰਚ ਵਾਲਾ ਖਾਣਾ ਦਿੱਤਾ ਗਿਆ। ਫਿਰ 2 ਹਫ਼ਤੇ ਅਤੇ 12 ਹਫ਼ਤੇ ਬਾਅਦ ਵੀ ਇਸ ਦੀ ਜਾਂਚ ਕੀਤੀ ਗਈ।

FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

# ਪਲੇਟਲੈਟਸ ਸਥਿਰ ਹੋਣ ਤੱਕ ਸ਼ਰੀਫ ਅਮਰੀਕਾ ਨਹੀਂ ਜਾ ਸਕਣਗੇ

ਲੰਡਨ, 17 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੇ ਸਰੀਰ ਵਿੱਚ ਘੱਟਦੇ ਪਲੇਟਲੈਟਸ ਦੀ ਗਿਣਤੀ ਜਦੋਂ ਤੱਕ ਸਥਿਰ ਨਹੀਂ ਹੋ ਜਾਂਦੀ, ਤਦ ਤੱਕ ਉਨ੍ਹਾਂ ਦਾ ਅਮਰੀਕਾ ਜਾਣਾ ਸੰਭਵ ਨਹੀਂ ਹੋਵੇਗਾ। ਉਨ੍ਹਾਂ ਦੇ ਪੁੱਤਰ ਹਸਨ ਨਵਾਜ਼ ਨੇ ਕੱਲ੍ਹ ਨੂੰ ਮੀਡੀਆ ਨੂੰ ਇਹ ਗੱਲ ਕਹੀ। ਸ਼ਰੀਫ ਇਲਾਜ ਲਈ 20 ਨਵੰਬਰ ਤੋਂ ਲੰਡਨ ਵਿੱਚ ਆਪਣੇ ਪੁੱਤਰ ਹਸਨ ਦੇ ਫਲੈਟ 'ਤੇ ਰਹਿ ਰਹੇ ਹਨ।



ਸ਼ਰੀਫ ਨੂੰ ਇਹੋ ਜਿਹੀ ਬਿਮਾਰੀ ਹੈ ਜਿਸ ਵਿੱਚ ਸਰੀਰ ਦੀ ਪ੍ਰਤੀ ਰੱਖਿਆ ਪ੍ਰਣਾਲੀ ਦੇ ਸਿਹਤ ਸੈਲਾ 'ਤੇ ਹਮਲਾ ਕਰਦੀ ਹੈ। ਇਸ ਕਾਰਨ ਮਰੀਜ਼ ਦਾ ਪਲੇਟਲੈਟਸ ਕਾਊਂਟ ਖ਼ਤਰਨਾਕ ਪੱਧਰ ਤੱਕ ਡਿੱਗ ਜਾਂਦਾ ਹੈ। ਨਵਾਜ਼ ਸ਼ਰੀਫ ਦੇ ਨਿੱਜੀ ਡਾਕਟਰ ਅਦਨਾਨ ਖ਼ਾਨ ਅਨੁਸਾਰ ਸਾਬਕਾ ਨੇਤਾ ਦੀਆਂ ਬਿਮਾਰੀਆਂ ਦੀ ਹਰ ਪਹਿਲੂ ਤੋਂ ਸਮੀਖਿਆ ਕੀਤੀ ਜਾ ਰਹੀ ਹੈ। ਨਾਲ ਹੀ ਹੈਮੇਟੋਲੋਜਿਸਟ ਦੀ ਇਜਾਜ਼ਤ ਦਾ ਇੰਤਜ਼ਾਰ ਕੀਤਾ ਜਾ ਰਿਹਾ ਹੈ ਕਿਉਂਕਿ ਹਾਲੇ ਵੀ ਪਲੇਟਲੈਟਸ ਘੱਟ ਹੋਣ ਦੇ ਕਾਰਨਾਂ ਦਾ ਪਤਾ ਨਹੀਂ ਚੱਲ ਸਕਿਆ ਹੈ। ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਸੱਤ ਸਾਲ ਜੇਲ੍ਹ ਦੀ ਸਜ਼ਾ ਪ੍ਰਾਪਤ ਸ਼ਰੀਫ ਨੂੰ ਇਸਲਾਮਾਬਾਦ ਹਾਈ ਕੋਰਟ ਨੇ 27 ਅਕਤੂਬਰ ਨੂੰ ਡਾਕਟਰੀ ਆਧਾਰ 'ਤੇ ਅੱਠ ਹਫ਼ਤੇ ਲਈ ਜ਼ਮਾਨਤ ਦਿੱਤੀ ਸੀ। ਬਾਅਦ ਵਿੱਚ ਲਾਹੌਰ ਹਾਈ ਕੋਰਟ ਨੇ ਇਲਾਜ ਲਈ ਵਿਦੇਸ਼ ਜਾਣ ਦੀ ਇਜਾਜ਼ਤ ਦੇਣ ਦੇ ਨਾਲ ਹੀ ਪਾਕਿਸਤਾਨ ਸਰਕਾਰ ਨੂੰ ਉਨ੍ਹਾਂ ਦਾ ਨਾਂ ਐਗਜ਼ਿਟ ਕੰਟਰੋਲ ਸੂਚੀ ਤੋਂ ਹਟਾਉਣ ਦਾ ਆਦੇਸ਼ ਦਿੱਤਾ ਸੀ।

# ਸਾਊਦੀ ਅਰਬ ਵਿੱਚ ਬਚਿਆ ਖਾਣਾ ਸੁੱਟਣ ਦੀ ਆਦਤ ਦਾ ਵਿਰੋਧ

ਸਾਊਦੀ ਅਰਬ, 17 ਦਸੰਬਰ (ਪੋਸਟ ਬਿਊਰੋ)- ਸਾਊਦੀ ਅਰਬ ਵਿੱਚ ਬਚਿਆ ਹੋਇਆ ਖਾਣਾ ਸੁੱਟਣ ਦੀ ਤੇਜ਼ੀ ਨਾਲ ਫੈਲਦੀ ਰਵਾਇਤ ਅਤੇ ਭੋਜਨ ਦੀ ਭਾਰੀ ਬਰਬਾਦੀ ਦੇ ਵਿਰੋਧ 'ਚ ਵੱਡੀ ਗਿਣਤੀ ਵਿੱਚ ਲੋਕ ਸੜਕਾਂ ਉਤੇ ਉੱਤਰੇ ਹਨ। ਇਸ ਨੂੰ ਰੋਕਣ ਦੇ ਕੁਝ ਨਵੇਂ ਤਰੀਕੇ ਵੀ ਲੱਭੇ ਗਏ ਹਨ।



ਕਾਰੋਬਾਰੀ ਮਸ਼ਾਲ ਅਲਕਾਹਰਸ਼ੀ ਖਾਣੇ ਦੀ ਬਰਬਾਦੀ ਰੋਕਣ ਲਈ ਸੰਘਰਸ਼ ਕਰ ਰਹੇ ਹਨ। ਉਨ੍ਹਾਂ ਇੱਕ ਅਜਿਹੀ ਥਾਲੀ ਬਣਾਈ ਹੈ, ਜਿਸ ਵਿੱਚ ਖਾਣਾ ਵੱਧ ਨਜ਼ਰ ਆਉਂਦਾ ਹੈ। ਥਾਲੀ ਦੇ ਵਿਚਕਾਰ ਗੋਲ ਜਿਹਾ ਇੱਕ ਹਿੱਸਾ ਬਣਾਇਆ ਗਿਆ ਹੈ, ਜਿਸ ਦੀ ਗਹਿਰਾਈ ਘੱਟ ਹੋਣ ਕਾਰਨ ਲੋਕ ਖਾਣਾ ਘੱਟ ਪਰੋਸਣਗੇ ਅਤੇ ਉਹ ਜ਼ਿਆਦਾ ਬੱਚਤ ਕਰ ਸਕਣਗੇ। ਅਲਕਾਹਰਸ਼ੀ ਨੇ ਕਿਹਾ, ਪੱਛਮੀ ਏਸ਼ੀਆ ਤੋਂ ਪ੍ਰੇਰਨਾ ਲੈ ਕੇ ਬਣਾਇਆ ਗਿਆ ਇਹ ਨਵਾਂ ਡਿਜ਼ਾਈਨ, ਖਾਣੇ ਦੀ ਬਰਬਾਦੀ ਤੀਹ ਫੀਸਦੀ ਤੱਕ ਘੱਟ ਕਰਦਾ ਹੈ। ਨਾਲ ਉਨ੍ਹਾਂ ਦੱਸਿਆ ਕਿ ਸਾਊਦੀ ਅਰਬ ਦੇ ਕਈ ਹੋਟਲਾਂ ਵੱਲੋਂ ਇਸ ਥਾਲੀ ਨੂੰ ਵਰਤੋਂ ਵਿੱਚ ਲਿਆਉਣ ਪਿੱਛੋਂ 3000 ਟਨ ਚੌਲਾਂ ਦੀ ਬੱਚਤ ਹੋਈ ਹੈ। ਖਾੜੀ ਦੇਸ਼ਾਂ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਖਾਣਾ ਜ਼ਿਆਦਾ ਪਰੋਸੇ ਜਾਣ ਨੂੰ ਮਹਿਮਾਨ ਨਿਵਾਜ਼ੀ ਦੇ ਰਵਾਇਤੀ ਗੁਣਾਂ ਵਜੋਂ ਦੇਖਿਆ ਜਾਂਦਾ ਹੈ। ਇਸ ਤਰ੍ਹਾਂ ਪਰੋਸਿਆ ਗਿਆ ਜ਼ਿਆਦਾਤਰ ਖਾਣਾ ਕੂੜੇ 'ਚ ਜਾਂਦਾ ਹੈ। ਸਾਊਦੀ ਅਰਬ ਦੇ ਘਰਾਂ 'ਚ ਵੱਡੀ ਅੰਡਾਕਾਰ ਥਾਲੀ ਪਰੋਸੀ ਜਾਂਦੀ ਹੈ, ਜਿਸ ਵਿੱਚ ਚੌਲਾਂ ਦਾ ਇੱਕ ਟਿੱਲਾ ਜਿਹਾ ਖੜ੍ਹਾ ਕਰ ਦਿੱਤਾ ਜਾਂਦਾ ਹੈ, ਪਰ ਇਸ ਨਾਲ ਜ਼ਿਆਦਾ ਬਰਬਾਦ ਹੋ ਜਾਂਦਾ ਹੈ।

# 'ਸੁਪਰ ਹੀਰੋ' ਭਾਰਤੀ ਔਰਤ ਨੇ ਬੱਚੀ ਦੀ ਜਾਨ ਕਿਡਨੀ ਦਾਨ ਕਰ ਕੇ ਬਚਾਈ

ਲੰਡਨ, 17 ਦਸੰਬਰ (ਪੋਸਟ ਬਿਊਰੋ)- ਭਾਰਤੀ ਮੂਲ ਦੀ ਰੇਡੀਓਗ੍ਰਾਫ਼ਰ ਸੁਰਿੰਦਰ ਸੱਪਲ 'ਸੁਪਰ ਹੀਰੋ' ਵਜੋਂ ਬਹੁੜੀ ਅਤੇ ਇੰਗਲੈਂਡ 'ਚ ਦੋ ਸਾਲ ਦੀ ਬੱਚੀ ਅਨਾਇਆ ਕੰਦੋਲਾ ਦਾ ਜਾਨ ਬਚਾਅ ਲਈ। ਉਸ ਨੇ ਬੱਚੀ ਨੂੰ ਆਪਣਾ ਗੁਰਦਾ ਦਾਨ ਕੀਤਾ ਹੈ। ਬੱਚੀ ਦੇ ਪਿਤਾ ਅਮਰੀਕ ਕੰਦੋਲਾ ਨੇ ਕਿਹਾ ਕਿ ਸੁਪਰ ਹੀਰੋ ਭਾਵੇਂ ਅਸਲੀ ਨਹੀਂ ਹੁੰਦੇ, ਪਰ ਉਨ੍ਹਾਂ ਦੀ ਜ਼ਿੰਦਗੀ 'ਚ ਸੁਰਿੰਦਰ ਸੁਪਰ ਹੀਰੋ ਬਣ ਕੇ ਆਈ ਹੈ।

ਲੀਡਰ ਟੀਚਿੰਗ ਹਸਪਤਾਲ 'ਚ ਐਡਵਾਂਸਡ ਪ੍ਰੈਕਟੀਸ਼ਨਰ ਰੇਡੀਓਗ੍ਰਾਫ਼ਰ ਸੁਰਿੰਦਰ ਸੱਪਲ ਨੇ ਸੋਸ਼ਲ ਮੀਡੀਆ 'ਤੇ 'ਹੋਪ4ਅਨਾਇਆ' ਮੁਹਿੰਮ ਦੇਖੀ ਤਾਂ ਉਸ ਨੇ ਅਨਾਇਆ ਦੀ ਸਹਾਇਤਾ ਕਰਨ ਦਾ ਫ਼ੈਸਲਾ ਲਿਆ। ਅਨਾਇਆ ਦੀ ਮਾਂ ਜੋਇਟੀ ਨੇ ਕਿਹਾ, "ਜੇ ਅਨਾਇਆ ਦਾ ਗੁਰਦਾ ਟਰਾਂਸਪਲਾਂਟ ਨਾ ਹੁੰਦਾ ਤਾਂ ਉਸ ਦੀ ਜਾਨ ਚਲੀ ਜਾਂਦੀ। ਸਮਾਂ ਲੰਘਦਾ ਜਾ ਰਿਹਾ ਸੀ ਅਤੇ ਫਿਰ ਸੱਪਲ ਆਪਣਾ ਗੁਰਦਾ ਦਾਨ ਕਰਨ ਦੇ ਫ਼ੈਸਲੇ ਨਾਲ ਸਾਡੇ ਕੋਲ ਆਈ, ਜੋ ਬੇਮਿਸਾਲ ਹੈ।"

ਅਨਾਇਆ ਸਮੇਂ ਤੋਂ ਪਹਿਲਾਂ ਜਨਮੀ ਸੀ, ਜਿਸ ਕਾਰਨ ਉਸ ਨੂੰ ਬਿਮਾਰੀਆਂ ਨੇ ਘੇਰ ਲਿਆ ਸੀ। ਜਨਮ ਤੋਂ ਬਾਅਦ ਹੀ ਅਨਾਇਆ ਦੇ ਵੱਡ ਆਕਾਰੀ ਗੁਰਦਿਆਂ ਨੂੰ ਕੱਢਣਾ ਪਿਆ ਜੋ ਕਰੀਬ ਕਿਲੋ ਦੇ ਸਨ। ਗੁਰਦਿਆਂ ਤੋਂ ਬਿਨ੍ਹਾਂ ਅਨਾਇਆ ਨੂੰ ਰੋਜ਼ 10 ਤੋਂ 12 ਘੰਟੇ ਡਾਇਲਸਿਸ 'ਤੇ ਰਹਿਣਾ ਪੈਂਦਾ ਸੀ। ਉਸ ਨੂੰ ਕਿਸੇ ਸਿਹਤਮੰਦ ਵਿਅਕਤੀ ਦਾ ਗੁਰਦਾ ਚਾਹੀਦਾ ਸੀ ਤਾਂ ਸੁਰਿੰਦਰ ਉਸ ਲਈ 'ਸੁਪਰ ਹੀਰੋ' ਬਣ ਕੇ ਆਈ। 36 ਵਰ੍ਹਿਆਂ ਦੀ ਸੁਰਿੰਦਰ ਨੇ ਕਿਹਾ, "ਮੈਨੂੰ ਜਾਣ ਕੇ ਖੁਸ਼ੀ ਹੋ ਰਹੀ ਹੈ ਕਿ ਮੈਂ ਬੱਚੇ ਦੀ ਸਹਾਇਤਾ ਕੀਤੀ ਹੈ। ਉਹ ਅੱਗੋਂ ਆਮ ਬੱਚਿਆਂ ਵਾਂਗ ਜ਼ਿੰਦਗੀ ਬਿਤਾ ਸਕਦੀ ਹੈ। ਮਾਂ ਹੋਣ ਕਰ ਕੇ ਮੈਨੂੰ ਖੁਸ਼ੀ ਹੋ ਰਹੀ ਹੈ ਕਿ ਮੈਂ ਇੱਕ ਹੋਰ ਮਾਂ ਦੇ ਬੱਚੇ ਨੂੰ ਸਿਹਤਯਾਬ ਕਰਨ 'ਚ ਸਹਾਇਤਾ ਕੀਤੀ ਹੈ।" ਉਨ੍ਹਾਂ ਕਿਹਾ ਕਿ ਉਹ ਹੋਰ ਦਾਨੀਆਂ ਨੂੰ ਪ੍ਰੇਰਿਤ ਕਰੇਗੀ ਤਾਂ ਜੋ ਗਲਤਫਹਿਮੀਆਂ ਨੂੰ ਦੂਰ ਕੀਤਾ ਜਾ ਸਕੇ।

# ਆਸਟ੍ਰੇਲੀਆ ਇਮੀਗ੍ਰੇਸ਼ਨ ਵਿਭਾਗ ਵੱਲੋਂ ਪੱਕੇ ਹੋਣ ਦੇ ਘੁਟਾਲੇ ਦਾ ਪਰਦਾ ਫਾਸ਼

ਮੈਲਬੌਰਨ, 17 ਦਸੰਬਰ (ਪੋਸਟ ਬਿਊਰੋ)- ਆਸਟ੍ਰੇਲੀਆ ਦੇ ਇਮੀਗ੍ਰੇਸ਼ਨ ਵਿਭਾਗ ਨੇ ਇੱਕ ਘੁਟਾਲੇ ਦਾ ਪਰਦਾ ਫਾਸ਼ ਕੀਤਾ ਹੈ, ਜਿਸ 'ਚ ਕੁਝ ਬਿਨੈਕਾਰਾਂ ਵੱਲੋਂ ਤਜਰਬਾ ਲੈਣ ਲਈ ਰੁਜ਼ਗਾਰ ਦਾਤਾ ਨੂੰ ਪੈਸੇ ਦੇਣੇ ਪੈਂਦੇ ਹਨ। ਕੁਝ ਅਜਿਹੀਆਂ ਅਰਜ਼ੀਆਂ ਜੋ ਉਪਰੋਕਤ ਵਿਭਾਗ ਦੇ ਸਾਹਮਣੇ ਆਈਆਂ ਹਨ, ਜੋ ਤਜਰਬੇ ਦੇ ਆਧਾਰ 'ਤੇ ਪੱਕੇ ਹੋਣ ਲਈ ਆਪਣੇ ਮਾਲਕ ਦੇ ਖ਼ਾਤੇ 'ਚ ਪੈਸੇ ਪਾਉਂਦੇ ਹਨ ਅਤੇ ਉਹੀ ਪੈਸੇ ਫਿਰ ਤਨਖਾਹ ਰਾਹੀਂ ਲਏ ਜਾਂਦੇ ਹਨ। ਉਹ ਕੰਮ ਕਰਦੇ ਹਨ ਅਤੇ ਵਿਭਾਗ ਦੀਆਂ ਅੱਖਾਂ 'ਚ ਘੱਟਾ ਪਾਉਣ ਦੀ ਖਾਤਰ ਆਪਣੇ ਪੈਸੇ ਦੇ ਕੇ ਮਾਲਕ ਤੋਂ ਵਾਰਸ ਲੈਂਦੇ ਹਨ।



ਇਥੇ ਡੈਡੀਨੈਂਸ ਖੇਤਰ 'ਚ ਅਜਿਹਾ ਹੀ ਘਪਲਾ ਸਾਹਮਣੇ ਆਇਆ ਹੈ, ਜਿਥੇ ਕਾਰਾਂ ਦੀ ਮੁਰੰਮਤ ਵਾਲੀ ਵਰਕਸ਼ਾਪ ਜਿੱਥੇ ਕੋਈ ਕਾਰ ਠੀਕ ਨਹੀਂ ਸੀ ਕੀਤੀ ਜਾਂਦੀ, ਸਿਰਫ ਕਦੇ-ਕਦੇ ਕੋਈ ਆਉਂਦਾ-ਜਾਂਦਾ ਸੀ। ਜਾਂਚ ਕਰਦੇ ਅਧਿਕਾਰੀਆਂ ਨੇ ਦੱਸਿਆ ਕਿ ਵੀਜ਼ਾ ਬਿਨੈਕਾਰਾਂ ਵੱਲੋਂ ਹਜ਼ਾਰਾਂ ਡਾਲਰ ਉਨ੍ਹਾਂ ਨੂੰ ਦਿੱਤੇ ਜਾਂਦੇ ਸਨ ਅਤੇ ਉਹ ਫਿਰ ਤਨਖਾਹਾਂ ਦੇ ਰੂਪ 'ਚ ਉਨ੍ਹਾਂ ਦੇ ਖਾਤਿਆਂ 'ਚ ਪਾ ਦਿੰਦੇ ਸਨ। ਉਨ੍ਹਾਂ ਕਿਹਾ ਕਿ ਬਿਨੈਕਾਰਾਂ ਵੱਲੋਂ ਤਨਖਾਹ ਤੋਂ ਇੱਕ ਦਿਨ ਪਹਿਲਾਂ ਮਾਲਕ ਦੇ ਖਾਤੇ 'ਚ ਪੈਸੇ ਪਾਏ ਜਾਂਦੇ ਸਨ ਅਤੇ ਉਹੀ ਪੈਸਾ ਉਹ ਤਨਖਾਹ ਵਜੋਂ ਦਿੰਦਾ ਸੀ। ਜਾਂਚ ਤੋਂ ਬਾਅਦ ਵਿਭਾਗ ਨੇ ਕੁਝ ਬਿਨੈਕਾਰਾਂ ਨੂੰ ਨੋਟਿਸ ਜਾਰੀ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਕੁਝ ਲੋਕ ਪ੍ਰਵਾਸੀ ਲੋਕਾਂ ਦੀਆਂ ਮਜਬੂਰੀਆਂ ਦਾ ਫਾਇਦਾ ਚੁੱਕ ਰਹੇ ਹਨ ਪਰ ਉਹ ਵਿਭਾਗ ਦੀਆਂ ਨਜ਼ਰਾਂ 'ਚ ਹਨ। ਬਹੁਤ ਸਾਰੇ ਭਾਰਤੀਆਂ ਦੇ ਵੀ ਵੀਜ਼ੇ ਰੱਦ ਕੀਤੇ ਜਾ ਚੁੱਕੇ ਹਨ ਜੋ ਇਸ ਤਰ੍ਹਾਂ ਕਰ ਰਹੇ ਸਨ।

# ਕਾਂਗਰਸ ਵੱਲੋਂ ਲੰਡਨ ਵਿੱਚ ਭਾਰਤੀ ਹਾਈ ਕਮਿਸ਼ਨ ਅੱਗੇ 'ਭਾਰਤ ਬਚਾਓ' ਰੈਲੀ

ਲੰਡਨ, 17 ਦਸੰਬਰ (ਪੋਸਟ ਬਿਊਰੋ)- ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਵੱਲੋਂ ਭਾਰਤੀ ਹਾਈ ਕਮਿਸ਼ਨ ਲੰਡਨ ਦੇ ਸਾਹਮਣੇ ਭਾਰਤ ਬਚਾਓ ਰੋਸ ਪ੍ਰਦਰਸ਼ਨ ਕੀਤਾ ਗਿਆ। ਇਹ ਰੈਲੀ ਕਾਂਗਰਸ ਪਾਰਟੀ ਵੱਲੋਂ ਦਿੱਲੀ 'ਚ ਕੀਤੀ ਰੈਲੀ ਦਾ ਹੀ ਇੱਕ ਹਿੱਸਾ ਕਿਹਾ ਗਿਆ ਹੈ, ਜੋ ਭਾਰਤ ਦੀ ਮੋਦੀ ਸਰਕਾਰ ਦੇ ਖ਼ਿਲਾਫ਼ ਕੀਤੀ ਗਈ ਹੈ।

ਆਈ ਓ ਸੀ ਯੂ ਕੇ ਦੇ ਪ੍ਰਧਾਨ ਕਮਲਪ੍ਰੀਤ ਸਿੰਘ ਧਾਲੀਵਾਲ ਨੇ ਕਿਹਾ ਕਿ ਅੱਜ ਭਾਰਤ 'ਚ ਨੌਜਵਾਨ, ਔਰਤਾਂ, ਲੜਕੀਆਂ, ਕਿਸਾਨ ਸਭ ਪ੍ਰੇਸ਼ਾਨ ਹਨ। ਸਾਰੇ ਭਾਈਚਾਰੇ ਮੋਦੀ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਦੁਖੀ ਹਨ। ਉਨ੍ਹਾਂ ਕਿਹਾ ਕਿ ਚੋਣਾਂ ਮੌਕੇ ਜੋ ਵਾਅਦੇ ਮੋਦੀ ਨੇ ਕੀਤੇ ਸਨ, ਅੱਜ ਕਿਤੇ ਵਿਖਾਈ ਨਹੀਂ ਦਿੰਦੇ, 'ਬੇਟੀ ਪੜਾਓ, ਬੇਟੀ ਬਚਾਓ, ਦਾ ਨਾਅਰਾ ਵਕਤੀ ਹੋ ਕੇ ਰਹਿ ਗਿਆ ਹੈ, ਅੱਜ ਬੀਬੀਆਂ ਘਰੋਂ ਬਾਹਰ ਜਾਣ ਤੋਂ ਡਰਦੀਆਂ ਹਨ। ਇਸ ਮੌਕੇ ਸੁਧਾਕਰ ਗੋਡ, ਗਮਪਾ ਵੀਨੂੰਗੋਪਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲੋਕਾਂ ਨੂੰ ਸੁਣਨਾ ਚਾਹੀਦਾ ਹੈ।

# ਐਵਰੈਸਟ ਚੜ੍ਹਨਾ ਹੈ ਤਾਂ ਮੈਡੀਕਲ ਹਿਸਟਰੀ ਦੱਸਣੀ ਹੋਵੇਗੀ

ਕਾਠਮੰਡੂ, 17 ਦਸੰਬਰ (ਪੋਸਟ ਬਿਊਰੋ)- ਮਾਊਂਟ ਐਵਰੈਸਟ ਨੂੰ ਫਤਹਿ ਕਰਨ ਦੇ ਚਾਹਵਾਨ ਸਾਰੇ ਪਰਬਤਾਰੋਹੀਆਂ ਨੂੰ ਹੁਣ ਆਪਣੀ ਪੂਰੀ ਮੈਡੀਕਲ ਹਿਸਟਰੀ ਦੱਸਣੀ ਹੋਵੇਗੀ। ਉਨ੍ਹਾਂ ਨੂੰ ਸਰਕਾਰੀ ਡਾਕਟਰ ਤੋਂ ਮੈਡੀਕਲ ਰਿਪੋਰਟ ਦੇ ਨਾਲ ਹੀ ਜ਼ਰੂਰੀ ਬੀਮਾ ਦੀ ਕਾਪੀ ਵੀ ਦੇਣੀ ਹੋਵੇਗੀ।



ਦ ਕਾਠਮੰਡੂ ਪੋਸਟ ਦੇ ਮੁਤਾਬਕ ਨੇਪਾਲ ਦਾ ਸੈਲਾਨੀ ਵਿਭਾਗ ਇਨ੍ਹਾਂ ਨਿਯਮਾਂ ਨੂੰ ਅਗਲੇ ਸੀਜਨ ਤੋਂ ਲਾਗੂ ਕਰਨ ਦੀ ਤਿਆਰੀ ਵਿੱਚ ਹੈ। ਐਵਰੈਸਟ 'ਤੇ ਚੜ੍ਹਾਈ ਲਈ ਸਿਰਫ ਚੰਗੀ ਸਿਹਤ ਵਾਲੇ ਪਰਬਤਾਰੋਹੀਆਂ ਨੂੰ ਮਨਜ਼ੂਰੀ ਦੇਣ ਦੇ ਮਕਸਦ ਨਾਲ ਨਵੇਂ ਨਿਯਮਾਂ ਦਾ ਖਰੜਾ ਤਿਆਰ ਕੀਤਾ ਗਿਆ ਹੈ। 2019 ਵਿੱਚ ਚੜ੍ਹਾਈ ਦੇ ਦੌਰਾਨ ਨੌਂ ਲੋਕਾਂ ਦੀ ਮੌਤ ਹੋ ਗਈ ਸੀ। ਸੈਲਾਨੀ ਵਿਭਾਗ ਦੀ ਡਾਇਰੈਕਟਰ ਮੀਰਾ ਆਚਾਰੀਆ ਨੇ ਕਿਹਾ, ਪਿਛਲੇ ਚਾਰ ਸਾਲਾਂ ਦੌਰਾਨ ਇੱਕ ਸਾਲ ਵਿੱਚ ਜਾਨ ਗਵਾਉਣ ਵਾਲੇ ਪਰਬਤਾਰੋਹੀਆਂ ਦੀ ਇਹ ਸਭ ਤੋਂ ਵੱਧ ਗਿਣਤੀ ਹੈ ਕਿਉਂਕਿ ਸਭ ਤੋਂ ਵੱਧ ਮੌਤਾਂ ਸਿਹਤ ਦੇ ਕਾਰਨਾਂ ਕਰ ਕੇ ਹੋਈਆਂ ਹਨ, ਇਸ ਲਈ ਇਹ ਖਰੜਾ ਤਿਆਰ ਕੀਤਾ ਗਿਆ ਹੈ। ਮੰਤਰਾਲੇ ਤੋਂ ਇਨ੍ਹਾਂ ਨਿਯਮਾਂ ਨੂੰ ਮਨਜ਼ੂਰੀ ਦੇਣ ਦੇ ਬਾਅਦ ਇਸ ਨੂੰ ਮਨਜ਼ੂਰੀ ਦੇ ਲਈ ਕੈਬਨਿਟ ਦੇ ਕੋਲ ਭੇਜਿਆ ਜਾਏਗਾ। ਜ਼ਰੂਰੀ ਬੀਮਾ ਦੇ ਸੰਬੰਧ ਵਿੱਚ ਡਾਇਰੈਕਟਰ ਨੇ ਕਿਹਾ ਕਿ ਇਹ ਮੁੱਖ ਤੌਰ 'ਤੇ ਬਚਾਅ ਅਤੇ ਇਲਾਜ ਨਾਲ ਸੰਬੰਧਤ ਹੈ। ਚੜ੍ਹਾਈ ਦੌਰਾਨ ਪਰਬਤਾਰੋਹੀ ਦੇ ਬਿਮਾਰ ਹੋਣ ਜਾਂ ਕਿਤੇ ਉਚਾਈ 'ਤੇ ਫਸਣ ਦੀ ਸਥਿਤੀ ਵਿੱਚ ਇਹ ਬੀਮਾ ਉਨ੍ਹਾਂ ਨੂੰ ਸੁਰੱਖਿਆ ਦੇਵੇਗਾ। ਐਵਰੈਸਟ ਚੜ੍ਹਨ ਵੇਲੇ ਬਚਾਅ ਅਤੇ ਰਾਹਤ ਦਾ ਕੰਮ ਕਰਨ ਵਾਲੀਆਂ ਸੰਸਥਾਵਾਂ ਦੇ ਅਨੁਸਾਰ ਡੈਥ ਜ਼ੋਨ (8000 ਮੀਟਰ ਤੋਂ ਉਪਰ) ਤੋਂ ਉਪਰ ਜੇ ਕਿਸੇ ਦੀ ਮੌਤ ਹੁੰਦੀ ਹੈ ਤਾਂ ਉਸ ਦੀ ਲਾਸ਼ ਕੱਢਣ ਵਿੱਚ ਦੋ ਲੱਖ ਡਾਲਰ (ਕਰੀਬ ਡੇਢ ਕਰੋੜ ਰੁਪਏ) ਤੋਂ ਵੱਧ ਦਾ ਖਰਚਾ ਆਉਂਦਾ ਹੈ। ਜਦ ਕਿ ਡੈਥ ਜ਼ੋਨ ਤੋਂ ਹੇਠਾਂ ਫਸੇ ਲੋਕਾਂ ਨੂੰ ਕੱਢਣ ਵਿੱਚ 14 ਤੋਂ 42 ਲੱਖ ਰੁਪਏ ਦਾ ਖਰਚ ਆਉਂਦਾ ਹੈ।

# ਸਕਾਟਲੈਂਡ ਨੂੰ ਯੂ ਕੇ ਵਿੱਚ ਕੈਦ ਨਹੀਂ ਕੀਤਾ ਜਾ ਸਕਦਾ: ਨਿਕੋਲਾ

ਐਡਿਨਬਰਗ, 17 ਦਸੰਬਰ (ਪੋਸਟ ਬਿਊਰੋ)- ਸਕੌਟਿਸ਼ ਨੈਸ਼ਨਲ ਪਾਰਟੀ ਆਗੂ ਨਿਕੋਲਾ ਸਟਰਜਨ ਨੇ ਕਿਹਾ ਕਿ ਯੂ ਕੇ ਸਰਕਾਰ 'ਸਕਾਟਲੈਂਡ ਨੂੰ ਉਸਦੀ ਮਰਜ਼ੀ ਤੋਂ ਬਿਨ੍ਹਾਂ ਆਪਣੇ ਦੇਸ਼ ਵਿੱਚ ਕੈਦ ਨਹੀਂ ਕਰ ਸਕਦੀ।"

ਸਟਰਜਨ ਨੇ ਕਿਹਾ ਕਿ ਉਹਦੀ ਪਾਰਟੀ ਨੂੰ 12 ਦਸੰਬਰ ਨੂੰ ਆਮ ਚੋਣਾਂ ਵਿੱਚ ਮਿਲੀ ਜਿੱਤ ਨੇ ਆਜ਼ਾਦੀ ਬਾਰੇ ਨਵੇਂ ਸਿਰੇ ਤੋਂ ਜਨਮੱਤ ਕਰਵਾਉਣ ਦਾ ਫ਼ਤਵਾ ਦਿੱਤਾ ਹੈ। ਐਸ ਐਨ ਪੀ ਆਗੂ ਨੇ ਬੀ ਬੀ ਸੀ ਨੂੰ ਦੱਸਿਆ ਕਿ ਯੂ ਕੇ ਅਜੇ ਵੀ ਇੱਕ ਯੂਨੀਅਨ ਵਜੋਂ ਵਿਚਰਨਾ ਚਾਹੁੰਦਾ ਹੈ ਤਾਂ 'ਇਹ ਸਿਰਫ਼ ਰਜ਼ਾਮੰਦੀ ਜਾਂ ਸਹਿਮਤੀ ਨਾਲ ਹੀ ਸੰਭਵ ਹੈ।' ਨਿਕੋਲਾ ਨੇ ਕਿਹਾ ਕਿ ਯੂ ਕੇ ਸਰਕਾਰ ਨੂੰ ਜੇ ਲੱਗਦਾ ਹੈ ਕਿ ਜਨਮੱਤ ਨੂੰ 'ਨਾਂਹ' ਆਖ ਕੇ ਇਸ ਮੁੱਦੇ ਦਾ ਭੋਗ ਪੈ ਜਾਵੇਗਾ ਤਾਂ ਉਹ 'ਪੂਰੀ ਤਰ੍ਹਾਂ ਗ਼ਲਤ' ਹੈ। ਉਸ ਨੇ ਕਿਹਾ, 'ਇਹ ਜਮਹੂਰੀਅਤ ਦਾ ਮੌਲਿਕ ਨੁਕਤਾ ਹੈ, ਤੁਸੀਂ ਸਕਾਟਲੈਂਡ ਨੂੰ ਉਸ ਦੀ ਮਰਜ਼ੀ ਤੋਂ ਬਗੈਰ ਦੇਸ਼ ਵਿੱਚ ਘੇਰੀ ਨਹੀਂ ਰੱਖ ਸਕਦੇ।' ਸਟਰਜਨ ਨੇ ਕਿਹਾ ਕਿ ਜਦੋਂ ਕੰਜ਼ਰਵੇਟਿਵ ਪਾਰਟੀ ਨੂੰ ਸਕਾਲੈਂਡ ਦੀਆਂ ਆਪਣੀਆਂ 13 ਸੀਟਾਂ 'ਚੋਂ ਸੱਤ 'ਤੇ 'ਵੱਡੀ ਸ਼ਿਕਸਤ' ਮਿਲੀ ਹੋਵੇ ਤਾਂ ਅਜਿਹੇ ਮੌਕੇ ਪਾਰਟੀ ਆਗੂ ਜੌਹਸਨ ਵੱਲੋਂ ਜਨਮੱਤ ਤੋਂ ਨਾਂਹ ਕਰਨੀ 'ਮੌਲਿਕ ਤੌਰ 'ਤੇ ਗੈਰਜਮਹੂਰੀ' ਹੋ ਜਾਂਦੀ ਹੈ।

# ਬ੍ਰਿਟਿਸ਼ ਮਾਡਲ ਦੇ ਘਰੋਂ 470 ਕਰੋੜ ਰੁਪਏ ਦੇ ਗਹਿਣੇ ਚੋਰੀ

ਲੰਡਨ, 17 ਦਸੰਬਰ (ਪੋਸਟ ਬਿਊਰੋ)- ਬ੍ਰਿਟਿਸ਼ ਮਾਡਲ ਅਤੇ ਸੈਲੀਬ੍ਰਿਟੀ ਤਮਾਰਾ ਐਕਲੈਸਟੋਨ ਦੇ ਵੈਸਟ ਲੰਡਨ ਦੇ ਘਰ 'ਚੋਂ ਪੰਜ ਕਰੋੜ ਪੌਂਡ (ਕਰੀਬ 470 ਕਰੋੜ ਰੁਪਏ) ਕੀਮਤ ਦੇ ਗਹਿਣੇ ਚੋਰੀ ਹੋ ਗਏ।



ਤਮਾਰਾ ਫਾਰਮੂਲਾ ਵਨ ਗਰੁੱਪ ਦੇ ਸਾਬਕਾ ਕਾਰਜਕਾਰੀ ਅਧਿਕਾਰੀ ਬਰਨੀ ਐਕਲੇਸਟੋਨ ਦੀ ਬੇਟੀ ਹੈ। ਚੋਰੀ ਤੋਂ ਕੁਝ ਦੇਰ ਪਹਿਲਾਂ ਤਮਾਰਾ ਕ੍ਰਿਸਮਸ ਦੀਆਂ ਛੁੱਟੀਆਂ ਮਨਾਉਣ ਦੇਸ਼ ਤੋਂ ਬਾਹਰ ਗਈ ਸੀ। 25 ਸਾਲਾ ਤਮਾਰਾ ਦਾ ਘਰ ਲੰਡਨ ਦੇ ਪਾਸ਼ ਇਲਾਕੇ ਹਾਈਡ ਪਾਰਕ ਵਿੱਚ ਹੈ। ਸ਼ੁੱਕਰਵਾਰ ਰਾਤ ਤਿੰਨ ਬਦਮਾਸ਼ ਬਗੀਚੇ ਦੇ ਰਸਤੇ ਘਰ ਵਿੱਚ ਵੜੇ ਤੇ ਬੈੱਡਰੂਮ ਵਿੱਚ ਛੁਪਾਈਆਂ ਤਿਜੌਰੀਆਂ 'ਚੋਂ ਕੀਮਤੀ ਗਹਿਣੇ ਚੋਰੀ ਕਰ ਕੇ ਲੈ ਗਏ। ਇਸ ਵਿੱਚ ਕੀਮਤੀ ਅੰਗੂਠੀਆਂ, ਵਾਲੀਆਂ ਅਤੇ ਵਿਆਹ ਦੇ ਤੋਹਫੇ ਵਿੱਚ ਮਿਲੀਆਂ 75 ਲੱਖ ਰੁਪਏ ਤੋਂ ਵੱਧ ਕੀਮਤ ਦੀਆਂ ਚੂੜੀਆਂ ਸ਼ਾਮਲ ਹਨ। ਪੁਲਸ ਮੁਤਾਬਕ ਬਦਮਾਸ਼ਾਂ ਨੇ ਇਸ ਪੂਰੇ ਕੰਮ ਨੂੰ ਪੰਜਾਹ ਮਿੰਟ ਲਾਏ ਅਤੇ ਖਿੜਕੀ ਦੇ ਰਸਤੇ ਭੱਜਣ ਵਿੱਚ ਸਫਲ ਰਹੇ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਪੂਰੇ ਮਾਮਲੇ ਦੇ ਦੌਰਾਨ ਸੀ ਸੀ ਟੀ ਵੀ ਕੈਮਰੇ ਦੇ ਕੰਟਰੋਲ ਰੂਮ ਵਿੱਚ ਗਾਰਡ ਬੈਠਾ ਰਿਹਾ ਅਤੇ ਉਸ ਨੂੰ ਕੁਝ ਪਤਾ ਨਹੀਂ ਲੱਗਾ। ਐਕਲੇਸਟੋਨ ਪਰਵਾਰ ਦੇ ਬੁਲਾਰੇ ਨੇ ਕਿਹਾ ਕਿ ਤਮਾਰਾ ਅਤੇ ਉਸ ਦਾ ਪਰਵਾਰ ਪੂਰੀ ਤਰ੍ਹਾਂ ਸੁਰੱਖਿਅਤ ਹੈ, ਪ੍ਰੰਤੂ ਇਸ ਘਟਨਾ ਤੋਂ ਉਹ ਬੁਰੀ ਤਰ੍ਹਾਂ ਡਰ ਗਏ ਹਨ।

# ਅਰਾਮਕੋ 2000 ਅਰਬ ਡਾਲਰ ਦੇ ਐੱਮ ਕੈਪ ਵਾਲੀ ਦੁਨੀਆ ਦੀ ਪਹਿਲੀ ਕੰਪਨੀ ਬਣੀ

ਰਿਆਦ, 17 ਦਸੰਬਰ (ਪੋਸਟ ਬਿਊਰੋ)- ਸਾਊਦੀ ਅਰਬ ਦੀ ਤੇਲ ਕੰਪਨੀ ਆਰਾਮਕੋ ਨੇ ਰਿਕਾਰਡ ਆਈ ਪੀ ਓ ਤੋਂ ਬਾਅਦ ਸ਼ੇਅਰ ਬਾਜ਼ਾਰ ਵਿੱਚ ਕਾਰੋਬਾਰ ਦੇ ਦੂਜੇ ਦਿਨ ਕੱਲ੍ਹ 2000 ਅਰਬ ਡਾਲਰ ਦੇ ਬਾਜ਼ਾਰ ਪੂੰਜੀਕਰਨ (ਐੱਮ ਕੈਪ) ਵਾਲੀ ਦੁਨੀਆ ਦੀ ਪਹਿਲੀ ਸੂਚੀਬੱਧ ਕੰਪਨੀ ਬਣਾਉਣ ਦਾ ਰਿਕਾਰਡ ਬਣਾਇਆ ਹੈ।



ਅਰਾਮਕੋ ਨੂੰ ਪਹਿਲਾਂ ਹੀ ਦੁਨੀਆ ਦੀ ਸਭ ਤੋਂ ਵੱਡੀ ਸੂਚੀਬੱਧ ਕੰਪਨੀ ਹੋਣ ਦਾ ਮਾਣ ਹਾਸਲ ਹੈ। ਦੂਜੇ ਸਥਾਨ 'ਤੇ ਅਮਰੀਕਾ ਦੀ ਕੰਪਨੀ ਐਪਲ ਹੈ, ਜਿਸ ਦਾ ਬਾਜ਼ਾਰ ਪੂੰਜੀਕਰਨ 1,190 ਅਰਬ ਡਾਲਰ ਹੈ। ਰਿਆਦ ਦੇ ਤਦਾਵੂਲ ਸ਼ੇਅਰ ਬਾਜ਼ਾਰ ਵਿੱਚ ਅੱਜ ਕਾਰੋਬਾਰ ਦੀ ਸਮਾਪਤੀ ਤੋਂ ਤਿੰਨ ਘੰਟੇ ਪਹਿਲਾਂ ਕੰਪਨੀ ਦਾ ਸ਼ੇਅਰ 38.60 ਰਿਆਲ ਯਾਨੀ 10.29 ਡਾਲਰ 'ਤੇ ਚੱਲ ਰਿਹਾ ਸੀ। ਅਰਾਮਕੋ ਨੇ ਆਈ ਪੀ ਓ ਦੀ ਦਰ 32 ਰਿਆਦ ਯਾਨੀ 8.53 ਡਾਲਰ ਪ੍ਰਤੀ ਸ਼ੇਅਰ ਤੈਅ ਕੀਤੀ ਸੀ ਅਤੇ ਪ੍ਰਾਇਮਰੀ ਬਾਜ਼ਾਰ ਵਿੱਚ ਸ਼ੇਅਰ ਵੇਚ ਕੇ 25.6 ਅਰਬ ਡਾਲਰ ਜੁਟਾਏ। ਇਸ ਆਈ ਪੀ ਓ ਨੇ 2014 ਵਿੱਚ ਅਲੀਬਾਬਾ ਤੋਂ 25 ਅਰਬ ਡਾਲਰ ਜੁਟਾਉਣ ਦੇ ਰਿਕਾਰਡ ਨੂੰ ਪਛਾੜ ਦਿੱਤਾ ਹੈ।

ਸਾਊਦੀ ਅਰਬ ਦੇ ਯੁਵਰਾਜ ਮੁਹੰਮਦ ਬਿਨ ਸਲਮਾਨ ਦੀ ਯੋਜਨਾ ਅਰਥਵਿਵਸਥਾ ਨੂੰ ਕੱਚੇ ਤੇਲ 'ਤੇ ਨਿਰਭਰਤਾ ਤੋਂ ਮੁਕਤੀ ਦੇਣਾ ਹੈ। ਇਸ ਦੇ ਤਹਿਤ ਅਰਾਮਕੋ ਦੀ 1.5 ਫੀਸਦੀ ਹਿੱਸੇਦਾਰੀ ਯਾਨੀ ਤਿੰਨ ਅਰਬ ਸ਼ੇਅਰਾਂ ਨੂੰ ਵੇਚਣ ਦੀ ਪੇਸ਼ਕਸ਼ ਕੀਤੀ ਗਈ ਸੀ। ਬੁੱਧਵਾਰ ਨੂੰ ਸ਼ੇਅਰ ਬਾਜ਼ਾਰ 'ਚ ਪਹਿਲੇ ਦਿਨ ਦੇ ਕਾਰੋਬਾਰ ਵਿੱਚ ਕੰਪਨੀ ਦਾ ਸ਼ੇਅਰ 10 ਫੀਸਦੀ ਉਛਲ ਕੇ 35.2 ਰਿਆਲ ਯਾਨੀ 9.30 ਡਾਲਰ 'ਤੇ ਬੰਦ ਹੋਇਆ ਸੀ। ਕੰਪਨੀ ਦੇ ਸ਼ੇਅਰ 'ਚ ਉਤਾਰ-ਚੜ੍ਹਾਅ ਲਈ 10 ਫੀਸਦੀ ਦੀ ਵੱਧ ਤੋਂ ਵੱਧ ਹੱਦ ਲਾਈ ਗਈ ਸੀ। ਨਿੱਜੀ ਨਿਵੇਸ਼ਕ ਦੇ ਰੂਪ ਵਿੱਚ ਅਰਾਮਕੋ ਦੇ ਸ਼ੇਅਰ ਸਿਰਫ ਸਾਊਦੀ ਅਰਬ ਦੇ ਨਿਵੇਸ਼ਕ ਹੀ ਖਰੀਦ ਸਕਦੇ ਹਨ।

# 13.50 ਲੱਖ ਰੁਪਏ ਡਰੱਗ ਮਨੀ ਅਤੇ ਥਾਣੇਦਾਰ ਤੋਂ ਖੋਹੇ ਪਿਸਤੌਲ ਸਮੇਤ ਛੇ ਗ੍ਰਿਫਤਾਰ



ਕਪੂਰਥਲਾ, 17 ਦਸੰਬਰ (ਪੋਸਟ ਬਿਊਰੋ)- ਕਰਤਾਰਪੁਰ ਢਿੱਲਵਾਂ ਨੈਸ਼ਨਲ ਹਾਈਵੇ ਦੇ ਪਿੰਡ ਹਮੀਰਾ 'ਚ ਇੱਕ ਡਰੱਗ ਮਾਫੀਆ ਦੇ ਘਰ ਛਾਪ ਮਾਰਨ ਗਈ ਐੱਸ ਟੀ ਐੱਫ (ਸਪੈਸ਼ਲ ਟਾਸਕ ਫੋਰਸ) ਦੀ ਟੀਮ 'ਤੇ ਕਾਤਲਾਨਾ ਹਮਲਾ ਕਰ ਕੇ ਇੱਕ ਮਹਿਲਾ ਪੁਲਸ ਮੁਲਾਜ਼ਮ ਸਮੇਤ ਤਿੰਨ ਪੁਲਸ ਵਾਲਿਆਂ ਨੂੰ ਜ਼ਖਮੀ ਕਰਨ ਅਤੇ ਇੱਕ ਏ ਐੱਸ ਆਈ ਤੋਂ ਉਸ ਦਾ ਸਰਕਾਰੀ ਪਿਸਤੌਲ ਖੋਹਣ ਦੇ ਦੋਸ਼ ਵਿੱਚ ਜ਼ਿਲਾ ਪੁਲਸ ਨੇ ਛੇ ਜਣਿਆਂ ਨੂੰ 13.50 ਲੱਖ ਰੁਪਏ ਦੀ ਡਰੱਗ ਮਨੀ, 10 ਕਾਰਤੂਸ, ਏ ਐੱਸ ਆਈ ਤੋਂ ਖੋਹਿਆ ਪਿਸਤੌਲ ਤੇ ਵੱਡੀ ਮਾਤਰਾ ਵਿੱਚ ਹੋਰ ਸਾਮਾਨ ਦੇ ਨਾਲ ਫੜਿਆ ਹੈ। ਇਸ ਕੇਸ ਵਿੱਚ ਨਾਮਜ਼ਦ ਕੀਤੇ 12 ਹੋਰ ਸਮੱਗਲਰਾਂ ਦੀ ਭਾਲ ਵਿੱਚ ਛਾਪੇਮਾਰੀ ਜਾਰੀ ਹੈ।

ਇੱਕ ਪ੍ਰੈੱਸ ਕਾਨਫਰੰਸ ਦੌਰਾਨ ਐੱਸ ਪੀ (ਡੀ) ਮਨਪ੍ਰੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਪਿੰਡ ਹਮੀਰਾ ਵਿੱਚ ਬੁੱਧਵਾਰ ਸ਼ਾਮ ਡਰੱਗ ਸਮੱਗਲਰ ਹਰਜਿੰਦਰ ਸਿੰਘ ਦੇ ਘਰ ਐੱਸ ਟੀ ਐੱਫ ਟੀਮ ਨੇ ਡਰੱਗ ਦੀ ਸੂਚਨਾ ਉੱਤੇ ਛਾਪਾ ਮਾਰਿਆ ਸੀ। ਉਸ ਮੌਕੇ ਘਰ ਵਿੱਚ ਮੌਜੂਦ ਲੋਕਾਂ ਨੇ ਤੇਜ਼ਧਾਰ ਹਥਿਆਰਾਂ ਤੇ ਇੱਟਾਂ ਨਾਲ ਹਮਲਾ ਕਰ ਕੇ ਇੱਕ ਮਹਿਲਾ ਪੁਲਸ ਮੁਲਾਜ਼ਮਾਂ ਸਮੇਤ ਤਿੰਨ ਜਣਿਆਂ ਨੂੰ ਜ਼ਖਮੀ ਕਰ ਦਿੱਤਾ ਅਤੇ ਇੱਕ ਏ ਐੱਸ ਆਈ ਓਂਕਾਰ ਸ਼ਰਮਾ ਤੋਂ ਉਸ ਦਾ ਸਰਕਾਰੀ ਪਿਸਤੌਲ ਖੋਹ ਲਿਆ ਸੀ। ਇਸ ਪਿੱਛੋਂ ਜਦੋਂ ਹੋਰ ਫੋਰਸ ਨੇ ਜਾ ਕੇ ਛਾਪਾ ਮਾਰਿਆ ਤਾਂ ਸਾਰੇ ਦੋਸ਼ੀ ਫਰਾਰ ਹੋ ਗਏ। ਫਿਰ ਜ਼ਿਲਾ ਪੁਲਸ ਨੇ ਇੱਕ ਵੱਡੇ ਆਪਰੇਸ਼ਨ ਦੌਰਾਨ ਛੇ ਸਮੱਗਲਰਾਂ ਨੂੰ ਫੜ ਲਿਆ ਤੇ ਉਨ੍ਹਾਂ ਕੋਲੋਂ 13.50 ਲੱਖ ਰੁਪਏ ਦੀ ਡਰੱਗ ਮਨੀ, ਥਾਣੇਦਾਰ ਓਂਕਾਰ ਸ਼ਰਾਮਾ ਤੋਂ ਖੋਹਿਆ ਸਰਕਾਰੀ ਪਿਸਤੌਲ ਤੇ 10 ਕਾਰਤੂਸ ਬਰਾਮਦ ਕੀਤੇ ਹਨ। ਇਸ ਕੇਸ ਦੇ 12 ਹੋਰ ਦੋਸ਼ੀਆਂ ਨੂੰ ਫੜਨ ਲਈ ਪੂਰੇ ਇਲਾਕੇ ਵਿੱਚ ਛਾਪੇਮਾਰੀ ਦਾ ਦੌਰ ਜਾਰੀ ਹੈ।

ਐੱਸ ਪੀ (ਡੀ) ਨੇ ਦੱਸਿਆ ਕਿ ਘਰ ਦੇ ਮਾਲਕ ਹਰਜਿੰਦਰ ਸਿੰਘ ਦੇ ਖਿਲਾਫ ਡਰੱਗ ਦੇ ਕਈ ਕੇਸ ਦਰਜ ਹਨ ਅਤੇ ਉਹ ਪਿਛਲੇ ਦਿਨੀਂ ਹੀ ਜੇਲ੍ਹ ਤੋਂ ਜ਼ਮਾਨਤ 'ਤੇ ਆਇਆ ਹੈ। ਉਨ੍ਹਾਂ ਦੱਸਿਆ ਕਿ ਦੋਸ਼ੀਆਂ ਦੀ ਜਾਇਦਾਦ ਸਰਕਾਰੀ ਤੌਰ 'ਤੇ ਅਟੈਚ ਕਰਨ ਲਈ ਈ ਡੀ ਨੂੰ ਲਿਖਿਆ ਜਾਵੇਗਾ।


A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

• 7 Days Work • All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ

Call : 416- 268-9952

70 Delta Park Blvd, Unit # 4, Brampton


## 1971 ਦੀ ਹਿੰਦ-ਪਾਕਿ ਜੰਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ

# ਸਿਹਤ ਮੰਤਰੀ ਨੇ ਆਪਣੀ ਤਨਖਾਹ ਵਿਚੋਂ ਸ਼ਹੀਦਾਂ ਦੇ 35 ਪਰਿਵਾਰਾਂ ਨੂੰ ਪ੍ਰਤੀ ਪਰਿਵਾਰ 5 ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ



ਸ਼ਰਧਾਂਜਲੀ ਸਮਾਰੋਹ ਮੌਕੇ ਸੰਬੋਧਨ ਕਰਦੇ ਹੋਏ ਮੰਤਰੀ ਬਲਬੀਰ ਸਿੱਧੂ।



ਇਸ ਮੌਕੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਫਾਜ਼ਿਲਕਾ 17 ਦਸੰਬਰ (ਗਿਆਨ ਸਿੰਘ) 1971 ਦੇ ਭਾਰਤ-ਪਾਕਿ ਯੁੱਧ ਦੌਰਾਨ ਫਾਜ਼ਿਲਕਾ ਸੈਕਟਰ ਵਿੱਚ ਸ਼ਹੀਦ ਹੋਏ ਫੋਜੀ ਜਵਾਨਾਂ ਦੀ ਯਾਦ ਵਿੱਚ ਆਸਫਵਾਲਾ ਵਿਖੇ ਬਣੀ ‘ਸ਼ਹੀਦਾਂ ਦੀ ਸਮਾਧ’ ’ਤੇ ਵਿਜੈ ਦਿਵਸ ਮੌਕੇ ਇਕ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਪੰਜਾਬ ਸਰਕਾਰ ਵੱਲੋਂ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਸ. ਬਲਬੀਰ ਸਿੰਘ ਸਿੱਧੂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਇਸ ਮੌਕੇ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਸ. ਬਲਬੀਰ ਸਿੰਘ ਸਿੱਧੂ ਨੇ ਆਖਿਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸੂਬਾ ਸਰਕਾਰ ਸ਼ਹੀਦੀ ਸਮਾਰਕ ਵਿਖੇ 71 ਫੁੱਟ ਦਾ ਵਿਜੈ ਸਤੰਭ ਬਣਾਉਣ ਵਿੱਚ ਸ਼ਹੀਦਾਂ ਦੀ ਸਮਾਧ ਕਮੇਟੀ ਦੀ ਹਰ ਸੰਭਵ ਸਹਾਇਤਾ ਕਰੇਗੀ। ਇਸ ਮੌਕੇ ਉਨ੍ਹਾਂ ਸ਼ਹੀਦਾਂ ਦੇ 35 ਪਰਿਵਾਰਾਂ ਨੂੰ ਆਪਣੀ ਤਨਖਾਹ ਵਿਚੋਂ ਪ੍ਰਤੀ ਪਰਿਵਾਰ 5 ਹਜਾਰ ਰੁਪਏ ਦੀ ਦਰ ਨਾਲ ਵਿੱਤੀ ਸਹਾਇਤਾ ਮੁਹੱਈਆ ਕਰਵਾਉਂਦਿਆਂ ਆਖਿਆ ਕਿ ਅਸੀਂ ਸਾਡੇ ਸ਼ਹੀਦਾਂ ਦਾ ਦੇਣ ਨਹੀਂ ਦੇ ਸਕਦੇ ਹਾਂ। ਉਨ੍ਹਾਂ ਕਿਹਾ ਕਿ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ ਅਤੇ ਉਹੀ ਕੌਮਾਂ ਜਿੰਦਾ ਰਹਿੰਦੀਆਂ ਹਨ ਜੋ ਆਪਣੇ ਇਤਿਹਾਸ ਅਤੇ ਵਿਰਸੇ ਨੂੰ ਨਾਲ ਲੈ ਕੇ ਚਲਦੀਆਂ ਹਨ। ਉਨ੍ਹਾਂ ਕਿਹਾ ਕਿ ਸਾਡੀਆਂ ਬਹਾਦਰ ਸੈਨਾਵਾਂ ਸਦਕਾ ਹੀ ਅਸੀਂ ਆਜ਼ਾਦ ਹਾਂ ਅਤੇ ਚੈਨ ਦੀ ਨੀਂਦ ਸੌਂਦੇ ਹਾਂ ਅਤੇ ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਅਸੀਂ ਸਾਡੀਆਂ ਸੈਨਾਵਾਂ ਦਾ ਸਤਿਕਾਰ ਕਰੀਏ।

ਸਿਹਤ ਮੰਤਰੀ ਨੇ ਸ਼ਹੀਦਾਂ ਦੀ ਯਾਦ ਵਿੱਚ ਇਹ ਸਮਾਗਮ ਕਰਨ ਲਈ ਸ਼ਹੀਦਾਂ ਦੀ ਸਮਾਧ ਕਮੇਟੀ ਦਾ ਧੰਨਵਾਦ ਵੀ ਕੀਤਾ ਅਤੇ ਕਿਹਾ ਕਿ ਇਸ ਤਰ੍ਹਾ ਦੇ ਸਮਾਗਮ ਨਾਲ ਨਾ ਕੇਵਲ ਅਸੀ ਸਾਡੇ ਸ਼ਹੀਦਾਂ, ਸਾਬਕਾ ਫੋਜੀਆਂ ਨੂੰ ਸਨਮਾਨ ਦਿੰਦੇ ਹਾਂ ਸਗੋਂ ਇਸ ਨਾਲ ਅਸੀਂ ਸਾਡੀਆਂ ਅਗਲੀਆਂ ਪੀੜ੍ਹੀਆਂ ਨੂੰ ਵੀ ਸਾਡੀਆਂ ਸੈਨਾਵਾਂ ਦੇ ਸ਼ਾਨਮੱਤੇ ਵਿਰਸੇ ਤੋਂ ਜਾਣੂ ਕਰਵਾ ਸਕਦੇ ਹਾਂ।

ਸਿਹਤ ਮੰਤਰੀ ਨੇ ਇਸ ਮੌਕੇ ਪੁੱਜੇ ਸ਼ਹੀਦਾਂ ਦੇ ਪਰਿਵਾਰਾਂ ਅਤੇ ਸਾਬਕਾ ਸੈਨਿਕਾਂ ਨੂੰ ਸਨਮਾਨਿਤ ਵੀ ਕੀਤਾ।

ਇਸ ਤੋਂ ਪਹਿਲਾਂ ਸਰਦਾਰ ਬਲਬੀਰ ਸਿੰਘ ਸਿੱਧੂ ਨੇ ਸ਼ਹੀਦਾਂ ਦੀ ਸਮਾਧ ਤੇ ਸ਼ਰਧਾ ਦੇ ਫੁੱਲ ਭੇਟ ਕੀਤੇ।

ਇਸ ਮੌਕੇ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਸ. ਮਨਪ੍ਰੀਤ ਸਿੰਘ ਛੱਤਵਾਲ ਨੇ ਯਾਦਗਾਰ ਸਬੰਧੀ ਬਣੀ ਕਮੇਟੀ ਨੂੰ ਹਰ ਸੰਭਵ ਸਹਾਇਤਾ ਦੇਣ ਦਾ ਭਰੋਸਾ ਦਿੱਤਾ। ਉਨ੍ਹਾਂ ਕਮੇਟੀ ਅਤੇ ਸਮੂਹ ਜ਼ਿਲ੍ਹਾ ਨਿਵਾਸੀਆਂ ਦਾ ਸ਼ਹੀਦਾਂ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਅਜਿਹੇ ਪ੍ਰੋਗਰਾਮ ਉਲੀਕਣ ਦੀ ਸ਼ਲਾਘਾ ਕੀਤੀ । ਉਨ੍ਹਾਂ ਸਮਾਗਮ ’ਚ ਸਮੂਲੀਅਤ ਕਰਨ ਆਏ ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਅੱਜ ਦੇ ਦਿਨ ਸ਼ਹੀਦਾਂ ਦੀ ਇਸ ਸਮਾਧ ’ਤੇ ਪ੍ਰਣ ਕਰ ਕੇ ਜਾਣ ਦੀ ਲੋੜ ਹੈ ਕਿ ਹਰੇਕ ਨਾਗਰਿਕ ਨੂੰ ਆਪਣੇ ਮੁਲਕ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਆਪਣਾ ਬਣਦਾ ਯੋਗਦਾਨ ਲਾਜ਼ਮੀ ਪਾਉਣਾ ਚਾਹੀਦਾ ਹੈ। ਇਸ ਮੌਕੇ ਕਰਨਲ (ਸੇਵਾ ਮੁਕਤ) ਐਸ.ਐਸ.ਗਿੱਲ ਨੇ 1971 ਦੀ ਜੰਗ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਇਸ ਮੌਕੇ ਵਿਦਿਆਰਥੀਆਂ ਨੇ ਦੇਸ਼-ਭਗਤੀ ਦਾ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ। ਇਸ ਤੋਂ ਪਹਿਲਾਂ ਕਮੇਟੀ ਦੇ ਪ੍ਰਧਾਨ ਸ੍ਰੀ ਸੰਦੀਪ ਗਿਲਹੋਤਰਾ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਨੂੰ ਆਖਿਆ। ਸਟੇਜ ਦਾ ਸੰਚਾਲਣ ਪ੍ਰਫੁੱਲ ਨਾਗਪਾਲ ਨੇ ਕੀਤਾ।

ਜਿਕਰਯੋਗ ਹੈ ਕਿ 1971 ਦੇ ਯੁੱਧ ਵਿੱਚ ਸ਼ਹੀਦ ਹੋਏ ਜਵਾਨਾਂ ਦੀ ਯਾਦ ਵਿੱਚ ਇਹ ਸ਼ਹੀਦੀ ਸਮਾਰਕ ਬਣਾਇਆ ਗਿਆ ਹੈ ਜਿਥੇ ਹਰ ਸਾਲ ਵਿਜੈ ਦਿਵਸ ਦਾ ਸਮਾਗਮ ਆਯੋਜਿਤ ਕੀਤਾ ਜਾਂਦਾ ਹੈ।

## ਕੰਪਨੀ ਸੰਚਾਲਕਾ ਦੀ ਲਾਸ਼ ਦਫਤਰ ਵਿੱਚ ਭੇਦ ਭਰੀ ਮਿਲੀ

ਮੋਹਾਲੀ, 17 ਦਸੰਬਰ (ਪੋਸਟ ਬਿਊਰੋ)- ਖਰੜ ਸਥਿਤ ਦੇਸੂਮਾਜਰਾ ਵਿੱਚ ਦੀ ਇਮੀਗਰੇਸ਼ਨ ਕੰਪਨੀ ਚਲਾਉਣ ਵਾਲੀ ਮਹਿਲਾ ਦੀ ਲਾਸ਼ ਉਸ ਦੇ ਦਫਤਰ ਦੀ ਟੇਬਲ ਦੇ ਹੇਠਾਂ ਸ਼ੱਕੀ ਹਾਲਤ ਵਿੱਚ ਮਿਲੀ ਹੈ। ਉਸ ਦੇ ਮੂੰਹ ਅਤੇ ਨੱਕ 'ਚੋਂ ਖੂਨ ਨਿਕਲਿਆ ਹੋਇਆ ਅਤੇ ਅੱਧਾ ਸਰੀਰ ਟੇਬਲ ਦੇ ਹੇਠਾਂ ਅਤੇ ਖੂਨ ਨਾਲ ਲਥਪਥ ਮੂੰਹ ਟੇਬਲ ਤੋਂ ਬਾਹਰ ਸੀ। ਉਸ ਦੀ ਪਛਾਣ ਸ਼ਰਨਜੀਤ ਕੌਰ (37) ਵਾਸੀ ਰਸੂਲਪੁਰ (ਚਮਕੌਰ ਸਾਹਿਬ) ਵਜੋਂ ਹੋਈ ਹੈ। ਮ੍ਰਿਤਕਾ ਦੇ ਘਰਦਿਆਂ ਦਾ ਦੋਸ਼ ਹੈ ਕਿ ਸ਼ਰਨਜੀਤ ਦਾ ਕਤਲ ਕੀਤਾ ਗਿਆ ਹੈ। ਸ਼ਰਨਜੀਤ ਕੌਰ ਨੇ ਕੁਝ ਦਿਨ ਪਹਿਲਾਂ ਆਪਣੇ ਭਾਈਵਾਲ ਗੁਰਪ੍ਰੀਤ ਸਿੰਘ ਰਾਏ ਵਾਸੀ ਫਾਜ਼ਿਲਕਾ ਨਾਲ ਖਰੜ ਰੋਡ 'ਤੇ ਬੈਸਟ ਸਰਵਿਸ ਆਫ ਸਕਸੈੱਸ ਇਮੀਗਰੇਸ਼ਨ ਤੇ ਵੀਜ਼ਾ ਕੰਸਲਟੈਂਟ ਕੰਪਨੀ ਖੋਲ੍ਹੀ ਸੀ। ਉਸ ਕੋਲ ਕੰਮ ਕਰਨ ਵਾਲੇ ਕਰਮਚਾਰੀ ਗੁਰਦੀਪ ਅਤੇ ਈਸ਼ਾ ਕੱਲ੍ਹ ਸਵੇਰੇ ਤੋਂ ਸ਼ਰਨਜੀਤ ਕੌਰ ਨੂੰ ਫੋਨ ਕਰ ਰਹੇ ਸਨ। ਗੁਰਦੀਪ ਨੇ ਦੱਸਿਆ ਕਿ ਸਵੇਰੇ ਪੌਣੇ 12 ਵਜੇ ਸ਼ਰਨਜੀਤ ਕੌਰ ਨਾਲ ਉਨ੍ਹਾਂ ਦੀ ਫੋਨ 'ਤੇ ਗੱਲ ਹੋਈ ਸੀ ਤਾਂ ਉਨ੍ਹਾਂ ਕਿਹਾ ਕਿ ਗੁਰਪ੍ਰੀਤ ਸਿੰਘ ਦਫਤਰ ਆਇਆ ਹੋਇਆ ਹੈ ਤੇ ਉਹ ਉਸ ਨਾਲ ਥਾਣੇ ਚੱਲੀ ਹੈ। ਉਸ ਪਿੱਛੋਂ ਉਹ ਸ਼ਰਨਜੀਤ ਦੇ ਫੋਨ 'ਤੇ ਲਗਾਤਾਰ ਸੰਪਰਕ ਕਰਦੇ ਰਹੇ, ਪਰ ਫੋਨ ਨਹੀਂ ਚੁੱਕਿਆ। ਸ਼ਾਮ ਨੂੰ ਜਦ ਦਫਤਰ ਪਹੁੰਚੇ ਤਾਂ ਦਫਤਰ ਦਾ ਤਾਲਾ ਤੋੜ ਕੇ ਜਦ ਉਨ੍ਹਾਂ ਦੇਖਿਆ ਤਾਂ ਹੇਠਾਂ ਸ਼ਰਨਜੀਤ ਕੌਰ ਦੀ ਲਾਸ਼ ਪਈ ਸੀ। ਗਲੇ ਵਿੱਚ ਦੁਪੱਟੇ ਦੇ ਗਹਿਰੇ ਨਿਸ਼ਾਨ ਪਏ ਹੋਏ ਸਨ ਅਤੇ ਜੀਭ ਮੂੰਹ ਤੋਂ ਬਾਹਰ ਆਈ ਹੋਈ ਸੀ।

## ਸੜਕ ਹਾਦਸੇ ਵਿੱਚ ਐਕਟਿਵਾ ਸਵਾਰ ਦੀ ਮੌਤ




ਜਲੰਧਰ, 17 ਦਸੰਬਰ (ਪੋਸਟ ਬਿਊਰੋ)- ਜਲੰਧਰ-ਕਪੂਰਥਲਾ ਰੋਡ ਦੇ ਜਲੰਧਰ ਕੁੰਜ ਨੇੜੇ ਪੀ ਆਰ ਟੀ ਸੀ ਦੀ ਬੱਸ ਵੱਲੋਂ ਟੱਕਰ ਮਾਰਨ ਨਾਲ ਐਕਟਿਵਾ ਸਵਾਰ ਦੀ ਮੌਤ ਹੋ ਗਈ।

ਚੌਕੀ ਇੰਚਰਾਜ ਥਾਣੇਦਾਰ ਨਰਿੰਦਰ ਰੱਲ੍ਹ ਨੇ ਦੱਸਿਆ ਕਿ ਹਾਦਸੇ ਉਪਰੰਤ ਜ਼ਖ਼ਮੀ ਨੂੰ ਇਲਾਜ ਲਈ ਹਸਪਤਾਲ ਵਿਖੇ ਲਿਜਾਇਆ ਜਾ ਰਿਹਾ ਸੀ ਤਾਂ ਰਾਹ 'ਚ ਉਸ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਕਿਸ਼ੋਰੀ ਜੈਨ ਪੁੱਤਰ ਭਗਤ ਸਰਦਾਰੀ ਲਾਲ ਵਾਸੀ ਵਿਜੇ ਨਗਰ ਵਜੋਂ ਹੋਈ ਹੈ। ਕਿਸ਼ੋਰੀ ਸਵੇਰੇ ਐਕਟਿਵਾ ਉੱਤੇ ਕਪੂਰਥਲੇ ਕਿਸੇ ਧਾਰਮਿਕ ਸਥਾਨ 'ਤੇ ਮੱਥਾ ਟੇਕਣ ਜਾ ਰਿਹਾ ਸੀ। ਚਸ਼ਮਦੀਦਾਂ ਦਾ ਕਹਿਣਾ ਹੈ ਕਿ ਐਕਟਿਵਾ ਸਵਾਰ ਜਦੋਂ ਜਲੰਧਰ ਕੁੰਜ ਲਾਗੇ ਗਿਆ ਤਾਂ ਜਲੰਧਰ ਤੋਂ ਕਪੂਰਥਲਾ ਜਾਂਦੀ ਪੈਪਸੂ ਦੀ ਬੱਸ ਦੇ ਚਾਲਕ ਨੇ ਪਿੱਛੋਂ ਟੱਕਰ ਮਾਰ ਦਿੱਤੀ। ਐਕਟਿਵਾ ਸਵਾਰ ਸੜਕ ਉੱਤੇ ਜਾ ਡਿੱਗਿਆ ਅਤੇ ਗੰਭੀਰ ਜ਼ਖਮੀ ਹੋ ਗਿਆ। ਉਸ ਨੂੰ ਪੁਲਸ ਐਂਬੂਲੈਂਸ ਰਾਹੀ ਇਲਾਜ ਲਈ ਹਸਪਤਾਲ ਲਿਜਾ ਰਹੀ ਸੀ ਕਿ ਰਾਹ ਵਿੱਚ ਮੌਤ ਹੋ ਗਈ। ਥਾਣੇਦਾਰ ਨੇ ਦੱਸਿਆ ਕਿ ਬੱਸ ਡਰਾਈਵਰ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।





Matrimonial

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ

ਕਾਲ ਕਰੋ: 905-793-2202


## ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5’11’’ ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5’8’’ ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5’10’’, Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6’ tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

ਜੱਟ ਸਿਖ, 40 ਸਾਲ ਉਮਰ, ਵਿਧਵਾ, 1.5 ਸਾਲਾਂ ਦਾ ਲੜਕਾ, ਬੀ ਫਾਰਮੇਸੀ, ਅਪਣਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫਿਰੋਜ਼ਪੁਰ ਤੋਂ, ਵੀਜ਼ਿਟਰ ਵਿਜ਼ੇ ’ਤੇ ਆਏ ਲਈ ਪੀ-ਆਰ ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5’5’’, ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5’-11’’, ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5’11’’(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089


Check our Free E-paper
at: www.canadianpunjabipost.ca

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202


## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5’4’’, ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5’-3’’, ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7", ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5", ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ


ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5’1’’, ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ ਫ੍ਰ ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 647-994-1985 । 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6’’ ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ’ ਰਹਿ ਰਹੀ ਅਤੇ ਬੇਲ ਕੰਪਨੀ ਵਿੰਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5’3’’, ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ’ ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

AVTAR UPPAL
Manager

UPPAL LAW

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters



AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848

* PRIOR APPOINTMENT NECESSARY

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ

15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)

STARLANE PAINTING

Residential • Commercial • Industrial

• Hotel • Motel • Exterior
• Interior • Spray Painting
• Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



ਹਰਜੀਤ ਧਨੋਆ

416.230.4000 • 647.409.1092

www.STARLANEPAINTING.com

# ਪੰਜਾਬੀ ਸਾਹਿਤ ਅਤੇ ਸੱਭਿਆਚਾਰ ਦੇ 9 ਰਤਨਾਂ ਦੀ ਯਾਦ ਨੂੰ ਸਮਰਪਿਤ ਹੋਵੇਗਾ 26ਵਾਂ ਧੀਆਂ ਦਾ ਲੋਹੜੀ ਮੇਲਾ



ਲੁਧਿਆਣਾ 17 ਦਸੰਬਰ (ਗਿਆਨ ਸਿੰਘ )-ਮਾਲਵਾ ਸੱਭਿਆਚਾਰਕ ਮੰਚ ਪੰਜਾਬ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਹਿਤ ਅਤੇ ਸੱਭਿਆਚਾਰ ਦੇ 9 ਰਤਨਾਂ ਦੀ ਯਾਦ ਨੂੰ ਸਮਰਪਿਤ 26ਵੇਂ ਧੀਆਂ ਦੀ ਲੋਹੜੀ ਮੇਲੇ ਦਾ ਆਯੋਜਨ ਪੰਜਾਬੀ ਭਵਨ ਵਿਖੇ 9 ਜਨਵਰੀ ਤੋਂ 11 ਜਨਵਰੀ ਤੱਕ ਧੂਮਧਾਮ ਨਾਲ ਕੀਤਾ ਜਾ ਰਿਹਾ ਹੈ । ਇਹ ਜਾਣਕਾਰੀ ਅੱਜ ਇੱਥੇ ਮੰਚ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ ਅਤੇ ਪ੍ਰਧਾਨ ਰਾਜੀਵ ਕੁਮਾਰ ਲਵਲੀ ਨੇ ਮੰਚ ਦੀ ਮੀਟਿੰਗ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਹੋਇਆਂ ਦੱਸਿਆ ਕਿ ਧੀਆਂ ਦੀ ਲੋਹੜੀ ਮੇਲੇ ਦੀ ਸ਼ੁਰੂਆਤ 9 ਜਨਵਰੀ ਨੂੰ ਪੰਜਾਬੀ ਭਵਨ ਵਿਖੇ ਨਸ਼ੇ, ਭਰੂਣ ਹੱਤਿਆ, ਵੱਧ ਰਹੇ ਪ੍ਰਦੂਸ਼ਣ ਅਤੇ ਟਰੈਫਿਕ ਆਦਿ ਵਿਸ਼ਿਆਂ ਤੇ ਆਯੋਜਿਤ ਕੀਤੇ ਜਾਣ ਵਾਲੇ ਸੈਮੀਨਾਰ ਨਾਲ ਹੋਵੇਗੀ । ਬਾਵਾ ਅਤੇ ਲਵਲੀ ਨੇ ਦੱਸਿਆ ਕਿ 11 ਜਨਵਰੀ ਨੂੰ ਪੰਜਾਬੀ ਭਵਨ ਦੇ ਓਪਨ ਆਰਟ ਥਿਏਟਰ ਵਿਚ ਪੰਜਾਬੀ ਗਾਇਕੀ ਅਤੇ ਕਾਮੇਡੀ ਦੇ ਲਗਣ ਵਾਲੇ ਖੁੱਲੇ ਅਖਾੜੇ ਵਿਚ ਦੇਸ਼ ਅਤੇ ਵਿਦੇਸ਼ ਦੇ ਉਚ ਕੋਟਿ ਦੇ ਗਾਇਕ ਅਤੇ ਕਾਮੇਡੀ ਕਲਾਕਾਰ ਆਪਣੀ ਪੇਸ਼ਕਾਰੀ ਦੇ ਜੌਹਰ ਦਿਖਾਉਂਦੇ ਹੋਏ ਲੋਕਾਂ ਦਾ ਭਰਪੂਰ ਮੰਨੋਰਜਨ ਕਰਣਗੇ । ਇਸ ਪ੍ਰੋਗਰਾਮ ਵਿਚ ਸੂਫੀ ਗਾਇਕ ਕੰਵਲ ਗਰੇਵਾਲ ਸੂਫੀ ਗਾਇਕੀ ਨਾਲ ਲੋਕਾਂ ਦਾ ਮੰਨੋਰੰਜਨ ਕਰਨਗੇ । ਉਹਨਾਂ ਦੱਸਿਆ ਕਿ ਇਹ ਪੰਜਾਬੀ ਗਾਇਕੀ ਦਾ ਅਖਾੜਾ ਪੰਜਾਬੀ ਸਾਹਿਤਕ ਅਤੇ ਸੱਭਿਆਚਾਰਕ ਦੇ 9 ਰਤਨਾਂ ਜਗਦੇਵ ਸਿੰਘ ਜੱਸੋਵਾਲ, ਪ੍ਰਿੰਸੀਪਲ ਸੰਤ ਸਿੰਘ ਸੇਖੋਂ, ਸ਼ਾਇਰ ਲੁਧਿਆਣਵੀ, ਯਮਲਾ ਜੱਟ, ਨਰਿੰਦਰ ਬੀਬਾ, ਇੰਦਰਜੀਤ ਹਸਨਪੁਰੀ, ਕੁਲਦੀਪ ਮਾਣਕ, ਜਗਮੋਹਨ ਕੌਰ ਲੁਧਿਆਣਾ ਦੀ ਪਹਲੀ ਬੇਟੀ ਸ਼ੈਲਜਾ ਧਾਮੀ ਜੋ ਪਹਿਲੀ ਫਲਾਈਟ ਕਮਾਂਡਰ ਬਣੀ, ਨੂੰ ਸਮਰਪਿਤ ਹੋਵੇਗਾ । ਉਹਨਾਂ ਨੇ ਪੱਤਰਕਾਰਾਂ ਨੂੰ ਇਹ ਵੀ ਜਾਣਕਾਰੀ ਦਿੱਤੀ ਕਿ ਲੋਹੜੀ ਮੇਲੇ ਤੇ ਦੇਸ਼ ਦੀ ਖਾਤਰ ਕੁਰਬਾਨੀ ਦੇਣ ਵਾਲੇ ਨਿਰਮਲਜੀਤ ਸਿੰਘ ਸੇਖੋਂ, ਪ੍ਰੋ: ਮਹਿੰਦਰ ਸਿਬੀਆ ਅਤੇ ਸਵ: ਵਿਧਾਇਕ ਅਤੇ ਸਮਾਜ ਸੇਵੀ ਬਾਬੂ ਅਜੀਤ ਕੁਮਾਰ ਦੀ ਯਾਦ ਵਿੱਚ ਯਾਦਗਾਰੀ ਗੇਟ ਲਗਾਏ ਜਾਣਗੇ । ਇਸ ਮੀਟਿੰਗ ਦੇ ਦੌਰਾਨ ਮੰਚ ਦੇ ਸਰਪ੍ਰਸਤ ਐਸ.ਐਸ. ਕੂਨਰ ਦੀ ਭਾਣਜੀ ਕਮਲ ਖਹਿਰਾ ਦੇ ਕੈਨੇਡਾ ਵਿੱਚ ਮੈਂਬਰ ਪਾਰਲੀਮੈਨਟ ਚੁਣੇ ਜਾਣ ਤੋਂ ਬਾਅਦ ਡਿਪਟੀ ਮੰਤਰੀ ਲੈਣ ਤੇ ਲੱਡੂ ਵੰਡ ਕੇ ਖੁਸ਼ੀ ਸਾਂਝੀ ਕੀਤੀ ਗਈ । ਇਸ ਮੌਕੇ ਤੇ ਮੰਚ ਦੇ ਉਪ ਪ੍ਰਧਾਨ ਜਰਨੈਲ ਸਿੰਘ ਤੂਰ, ਚਮਨ ਲਾਲ ਬੱਤਰਾ, ਮਨਜੀਤ ਸਿੰਘ ਹੰਬੜਾਂ ਜਰਨਲ ਸਕੱਤਰ, ਪਵਨ ਸੀਡਾਨਾ, ਸਰਪ੍ਰਸਤ ਦਰਸ਼ਨ ਸਿੰਘ ਲੋਟੇ, ਦਵਿੰਦਰ ਬਸੰਤ, ਕੌਂਸਲਰ ਬੀਬੀ ਬਰਜਿੰਦਰ ਕੌਰ ਪ੍ਰਧਾਨ ਮਹਿਲਾ ਵਿੰਗ ਪੰਜਾਬ, ਸ਼ਸ਼ੀ ਸੂਦ, ਨੀਰੂ ਸ਼ਰਮਾ, ਮਨਜਿੰਦਰ ਗਰੇਵਾਲ, ਮਨਪ੍ਰੀਤ ਮਾਂਗਟ, ਰੇਸ਼ਮ ਸਿੰਘ ਸੱਗੂ, ਦੀਪਕ ਮੰਨਣ, ਬਲਵਿੰਦਰ ਸਿੰਘ, ਕੁਲਵਿੰਦਰ ਸਿੰਘ ਚਾਨੇ, ਰੁਪਿੰਦਰ ਸਿੰਘ ਰਿੰਕੂ, ਗਗਨ ਬਾਵਾ, ਰਾਮਾ ਚੌਹਾਨ ਅਤੇ ਯਸ਼ਪਾਲ ਸ਼ਰਮਾ ਆਦਿ ਹਾਜ਼ਰ ਸਨ ।

# ਏਅਰ ਇੰਡੀਆ ਤੋਂ ਬਾਅਦ ਰੇਲ ਗੱਡੀਆਂ ਦੀ ਬੋਲੀ ਵੀ ਲੱਗੇਗੀ



ਨਵੀਂ ਦਿੱਲੀ, 13 ਦਸੰਬਰ (ਪੋਸਟ ਬਿਊਰੋ)- ਭਾਰਤੀ ਰੇਲਵੇ ਆਪਣੀਆਂ ਟਰੇਨਾਂ, ਸਟੇਸ਼ਨਾਂ ਤੇ ਰੂਟਾਂ ਦੇ ਪ੍ਰਾਈਵੇਟ ਕਰਨ ਦੀ ਪ੍ਰਕਿਰਿਆ ਤੇਜ਼ ਕਰ ਰਹੀ ਹੈ। ਬੀਤੇ 8-9 ਦਸੰਬਰ ਨੂੰ ਹੋਈ ਇਕ ਹਾਈ ਲੈਵਲ ਮੀਟਿੰਗ ਵਿਚ ਰੇਲ ਮੰਤਰੀ ਪਿਯੂਸ਼ ਗੋਇਲ ਨੇ ਪ੍ਰਾਈਵੇਟ ਆਪਰੇਟਰਾਂ ਲਈ 150 ਨਵੇਂ ਰੂਟਾਂ ਦੀ ਪਛਾਣ ਕਰਨ ਅਤੇ ਅੱਗੇ ਵਾਸਤੇ ਖਰੜਾ ਤਿਆਰ ਕਰਨ ਦੇ ਲਈ ਰੇਲਵੇ ਅਧਿਕਾਰੀਆਂ ਨੂੰ ਕਿਹਾ ਹੈ। ਇਨ੍ਹਾਂ ਰੂਟਾਂ ਉੱਤੇ ਦਰਤੂ, ਤੇਜਸ ਅਤੇ ਰਾਜਧਾਨੀ ਐਕਸਪ੍ਰੈਸ ਆਦਿ ਪ੍ਰੀਮੀਅਰ ਟਰੇਨਾਂ ਚੱਲਣਗੀਆਂ, ਜਿਨ੍ਹਾਂ ਨੂੰ ਪ੍ਰਾਈਵੇਟ ਕੰਪਨੀਆਂ ਚਲਾਉਣਗੀਆਂ।

ਮੀਡੀਆ ਰਿਪੋਰਟਾਂ ਮੁਤਾਬਕ ਰੇਲਵੇ ਇਸ ਬਾਰੇ ਅਗਲੇ ਮਹੀਨੇ 150 ਟਰੇਨਾਂ ਦੀ ਬੋਲੀ ਸ਼ੁਰੂ ਕਰ ਦੇਵੇਗੀ। ਰੇਲਵੇ ਬੋਰਡ ਦੇ ਚੇਅਰਮੈਨ ਵਿਨੋਦ ਕੁਮਾਰ ਯਾਦਵ ਨੇ ਕਿਹਾ ਕਿ ਰੇਲਵੇ ਅਗਲੇ ਮਹੀਨੇ 150 ਟਰੇਨਾਂ ਦੀ ਬੋਲੀ ਪ੍ਰਕਿਰਿਆ ਸ਼ੁਰੂ ਕਰੇਗੀ। ਉਨ੍ਹਾਂ ਦੱਸਿਆ ਕਿ ਦੇਸ਼ ਵਿਚ ਇਹ ਪਹਿਲੀ ਵਾਰ ਹੈ, ਇਸ ਲਈ ਪ੍ਰਕਿਰਿਆ ਵਿੱਚ ਸਮਾਂ ਲੱਗ ਰਿਹਾ ਹੈ। ਪੂਰੀ ਪ੍ਰਕਿਰਿਆ ਪੜਾਵਾਂ ਵਿਚ ਹੋਣੀ ਹੈ। ਪਹਿਲਾਂ ਯੋਗਤਾ ਲਈ ਬੇਨਤੀਆਂ ਮੰਗਣੀਆਂ, ਫਿਰ ਬੋਲੀ ਵਾਲੀਆਂ ਕੰਪਨੀਆਂ ਆਪਣੀ ਯੋਗਤਾ ਭੇਜਣਗੀਆਂ। ਇਸ ਪਿੱਛੋਂ ਦੂਜੇ ਪੜਾਅ ਵਿਚ ਪੇਸ਼ਕਸ਼ ਦੀ ਬੇਨਤੀ ਦੇਖੀ ਜਾਵੇਗੀ ਅਤੇ ਇਹ ਕੁਝ ਹੋਣ ਵਿਚ ਛੇ ਮਹੀਨੇਂ ਲੱਗਣਗੇ। ਪਤਾ ਲੱਗਾ ਹੈ ਕਿ ਇਨ੍ਹਾਂ ਰੂਟਾਂ ਉੱਤੇ 30 ਪ੍ਰਾਈਵੇਟ ਟਰੇਨਾਂ ਮੁੰਬਈ ਵਿਚ ਚੱਲਣਗੀਆਂ, ਜਿਹੜੀਆਂ ਵੈਸਟਰਨ ਅਤੇ ਸੈਂਟਰਲ ਰੇਲਵੇ ਦੇ ਰੂਟ ਵਾਸਤੇ ਹੋ ਸਕਦੀਆਂ ਹਨ, ਪਰ ਅਜੇ ਇਹ ਸਥਿਤੀ ਸਪੱਸ਼ਟ ਨਹੀਂ ਹੋ ਰਹੀ।

ਇਸ ਤੋਂ ਪਹਿਲਾਂ ਪਾਰਲੀਮੈਂਟ ਵਿਚ ਕੇਂਦਰੀ ਮੰਤਰੀ ਹਰਦੀਪ ਪੁਰੀ ਨੇ ਘਾਟੇ ਵਿਚ ਚੱਲ ਰਹੀ ਏਅਰ ਇੰਡੀਆ ਨੂੰ ਵੇਚਣ ਦਾ ਐਲਾਨ ਕੀਤਾ ਤੇ ਕਿਹਾ ਸੀ ਕਿ ਸਰਕਾਰ ਇਸ ਕੰਪਨੀ ਵਿਚੋਂ ਆਪਣਾ ਹਿੱਸਾ ਵੇਚਣ ਲਈ ਤਿਆਰੀ ਹੈ।

# ਸੜਕ ਹਾਦਸੇ ਵਿੱਚ ਦੋ ਸਕੀਆਂ ਭੈਣਾਂ ਦੀ ਜਾਨ ਗਈ




ਬਲਾਚੌਰ, 13 ਦਸੰਬਰ (ਪੋਸਟ ਬਿਊਰੋ)- ਕੱਲ੍ਹ ਸਵੇਰੇ ਬਲਾਚੌਰ (ਨੇੜੇ ਗੜ੍ਹੀ ਚੌਕ ਅਤੇ ਘਮੌਰ ਬਾਈਪਾਸ ਚੌਕ ਦੇ ਵਿਚਾਲੇ) ਹੋਏ ਹਾਦਸੇ ਵਿੱਚ ਦੋ ਸਕੀਆਂ ਭੈਣਾਂ ਦੀ ਮੌਤ ਹੋ ਗਈ ਅਤੇ ਦੋ ਹੋਰ ਸਖਤ ਜ਼ਖਮੀ ਹੋ ਗਏ।

ਮਿਲੀ ਜਾਣਕਾਰੀ ਮੁਤਾਬਕ ਪ੍ਰਸ਼ੋਤਮ ਲਾਲ ਪੁੱਤਰ ਹਜ਼ਾਰਾ ਰਾਮ ਵਾਸੀ ਬਲੌਂਗੀ, ਜਿਸ ਦਾ ਅਸਲ ਪਿੰਡ ਪੰਡੋਰੀ (ਨੇੜੇ ਗੜ੍ਹਸ਼ੰਕਰ) ਹੈ, ਆਪਣੀ ਭਤੀਜੀ ਦੇ ਰਿਸ਼ਤੇ ਲਈ ਆਪਣੀਆਂ ਭੈਣਾਂ ਨਿਰਮਲਾ (54) ਪਤਨੀ ਹਰੀ ਰਾਮ ਵਾਸੀ ਬਲੌਂਗੀ ਅਤੇ ਜਸਵਿੰਦਰ ਕੌਰ (57) ਪਤਨੀ ਅਵਤਾਰ ਸਿੰਘ ਵਾਸੀ ਲੁਧਿਆਣਾ ਅਤੇ ਭਤੀਜੀ ਰੂਬੀ (30) ਪੁੱਤਰੀ ਰਵਿੰਦਰ ਕੁਮਾਰ ਨਾਲ ਬਲੌਂਗੀ ਤੋਂ ਪੰਡੋਰੀ (ਗੜ੍ਹਸ਼ੰਕਰ) ਜਾ ਰਹੇ ਸਨ ਕਿ ਗੜ੍ਹੀ ਤੋਂ ਘਮੌਰ ਬਾਈਪਾਸ ਵਿਚਾਲੇ ਕਾਰ ਅਚਾਨਕ ਹਾਦਸੇ ਦਾ ਸ਼ਿਕਾਰ ਹੋ ਗਈ। ਇਸ ਨਾਲ ਨਿਰਮਲਾ ਦੀ ਮੌਕੇ 'ਤੇ ਮੌਤ ਹੋ ਗਈ ਤੇ ਗੰਭੀਰ ਜ਼ਖਮੀ ਪ੍ਰਸ਼ੋਤਮ ਲਾਲ, ਜਸਵਿੰਦਰ ਕੌਰ ਤੇ ਰੂਬੀ ਨੂੰ ਸਿਵਲ ਹਸਪਤਾਲ ਬਲਾਚੌਰ ਵਿਖੇ ਦਾਖਲ ਕਰਵਾਇਆ ਗਿਆ, ਜਿਥੇ ਜਸਵਿੰ-ਦਰ ਕੌਰ ਦੀ ਵੀ ਮੌਤ ਹੋ ਗਈ। ਪ੍ਰਸ਼ੋਤਮ ਲਾਲ ਤੇ ਰੂਬੀ ਨੂੰ ਨਵਾਂਸ਼ਹਿਰ ਭੇਜ ਦਿੱਤਾ ਗਿਆ।

# ਭਾਰਤੀ ਪਾਸਪੋਰਟ ਉੱਤੇ ਕਮਲ ਦਾ ਨਿਸ਼ਾਨ, ਵਿਦੇਸ਼ ਮੰਤਰਾਲੇ ਨੇ ਸਫਾਈ ਦਿੱਤੀ



ਨਵੀਂ ਦਿੱਲੀ, 13 ਦਸੰਬਰ (ਪੋਸਟ ਬਿਊਰੋ)- ਭਾਰਤੀ ਪਾਸਪੋਰਟ ਉੱਤੇ ਕਮਲ ਦੇ ਨਿਸ਼ਾਨ ਨੂੰ ਲੈ ਕੇ ਵਿਰੋਧੀ ਪਾਰਟੀਆਂ ਨੇ ਕੇਂਦਰ ਸਰਕਾਰ ਨੂੰ ਪਾਰਲੀਮੈਂਟ ਵਿਚ ਘੇਰਨ ਦਾ ਯਤਨ ਕੀਤਾ ਹੈ। ਇਸ ਦੇ ਬਾਅਦ ਵਿਦੇਸ਼ ਮੰਤਰਾਲੇ ਦੇ ਇੱਕ ਬੁਲਾਰੇ ਨੇ ਇਸ ਦਾ ਜਵਾਬ ਦਿੱਤਾ ਕਿ ਅਜਿਹਾ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਕੀਤਾ ਗਿਆ ਹੈ ਅਤੇ ਵਾਰੀ-ਵਾਰੀ ਦੇਸ਼ ਦੇ ਹੋਰ ਪ੍ਰਤੀਕ ਚਿੰਨ੍ਹਾਂ ਦੀ ਵੀ ਵਰਤੋਂ ਕੀਤੀ ਜਾਣ ਦੀ ਨੀਤੀ ਬਣਾਈ ਜਾਵੇਗੀ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਨੇ ਇਸ ਦੇ ਸਪੱਸ਼ਟੀਕਰਨ ਵਿੱਚ ਕਿਹਾ ਹੈ ਕਿ ਫ਼ਰਜ਼ੀ ਪਾਸ-ਪੋਰਟ ਦੀ ਪਛਾਣ ਕਰਨ ਤੇ ਪਾਸ-ਪੋਰਟ ਦੇ ਸਕਿਓਰਟੀ ਫ਼ੀਚਰਜ਼ ਮਜ਼ਬੂਤ ਕਰਨ ਲਈ ਕਮਲ ਦਾ ਨਿਸ਼ਾਨ ਲਾਇਆ ਹੈ। ਉਨ੍ਹਾ ਕਿਹਾ ਕਿ ਕਮਲ ਸਾਡੇ ਰਾਸ਼ਟਰੀ ਫੁੱਲ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ; 'ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਚਿੰਨ੍ਹ ਹਨ, ਜਿਨ੍ਹਾਂ ਦੀ ਵਾਰੀ ਸਿਰ ਵਰਤੋਂ ਹੋਵੇਗੀ। ਇਨ੍ਹਾਂ ਵਿਚ ਉਨ੍ਹਾਂ ਚਿੰਨ੍ਹਾਂ ਦੀ ਵਰਤੋਂ ਹੋਵੇਗੀ, ਜਿਹੜੇ ਭਾਰਤ ਨਾਲ ਜੁੜੇ ਹੋਏ ਹਨ।'

ਵਰਨਣ ਯੋਗ ਹੈ ਕਿ ਲੋਕ ਸਭਾ ਵਿੱਚ ਅੱਜ ਕਾਂਗਰਸ ਪਾਰਟੀ ਦੇ ਮੈਂਬਰ ਨੇ ਇਹ ਮੁੱਦਾ ਚੁੱਕਿਆ ਸੀ ਕਿ ਕੇਰਲ ਦੇ ਕੋਜ਼ੀਕੋਡ ਵਿੱਚ ਕਮਲ ਦੇ ਨਿਸ਼ਾਨ ਵਾਲੇ ਪਾਸਪੋਰਟ ਵੰਡੇ ਗਏ ਹਨ। ਇਹ ਮੁੱਦਾ ਕਾਂਗਰਸੀ ਐਮ ਪੀ, ਐਮ ਕੇ ਰਾਘਵਨ ਨੇ ਲੋਕ ਸਭਾ ਵਿੱਚ ਜ਼ੀਰੋ ਆਵਰ ਦੌਰਾਨ ਚੁੱਕਿਆ ਅਤੇ ਦੋਸ਼ ਲਾਇਆ ਕਿ ਇਹ ਸਰਕਾਰੀ ਸੰਸਥਾਨਾਂ ਦਾ ਭਗਵਾਂਕਰਨ ਕਰਨ ਦੀ ਕੋਸ਼ਿਸ਼ ਹੈ, ਕਿਉਂਕਿ ਕਮਲ ਅਸਲ ਵਿਚ ਭਾਰਤੀ ਜਨਤਾ ਪਾਰਟੀ ਦਾ ਚੋਣ ਨਿਸ਼ਾਨ ਹੈ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
- 1 yr Home Warranty
- We Help to get mortgage
Free valuation & Lowest Commission
- Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHWA
Broker
416.319.0551
BHUPENDRA DHILLON
Sales Representative
647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar™ INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
- Ministry of Community Safety and Correctional Services approved.
- We speak English, Hindi, Punjabi &Urdu.
- Training by Professional Instructors. First Aid & CPR certification included.
- Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਨਾ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

FOR LEASE
Lease: $2,599
Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਊਟਰ ਟਾਪ, ਵਾਕ ਆਊਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।

FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।

SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1


HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਅਮਰਿੰਦਰ ਵੱਲੋਂ ਰੂਪਨਗਰ ਤੇ ਬਨੂੜ ਵਿੱਚ ਮਾਸਟਰ ਪਲਾਨ ’ਚ ਸੋਧ ਨੂੰ ਹਰੀ ਝੰਡੀ

### *ਘਣਤਾ ਅਤੇ ਐਫ.ਏ.ਆਰ ਨਾਲ ਸਬੰਧਤ ਮਸਲਿਆਂ ਨੂੰ ਘੋਖਣ ਲਈ ਕਮੇਟੀ ਗਠਿਤ



ਚੰਡੀਗੜ੍ਹ, 17 ਦਸੰਬਰ (ਗਿਆਨ ਸਿੰਘ ) ਸੂਬਾ ਸਰਕਾਰ ਵੱਲੋਂ ਉਦਯੋਗਿਕ ਵਿਕਾਸ ’ਤੇ ਕੇਂਦਰਿਤ ਹੋਣ ਦੇ ਕੀਤੇ ਜਾ ਰਹੇ ਯਤਨਾਂ ਦੀ ਲੀਹ ’ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅੱਜ ਰੂਪਨਗਰ-ਚੰਡੀਗੜ੍ਹ ਮਾਰਗ ਦੇ ਨਾਲ ਸਨਅਤੀ ਜ਼ੋਨ ਦੇ ਵਿਕਾਸ ਲਈ ਰੂਪਨਗਰ ਮਾਸਟਰ ਪਲਾਨ ਵਿੱਚ ਸੋਧ ਕਰਨ ਦੀ ਮਨਜ਼ੂਰੀ ਦੇ ਦਿੱਤੀ। ਪੰਜਾਬ ਰੀਜਨਲ ਤੇ ਟਾਊਨ ਪਲਾਨਿੰਗ ਡਿਵੈਲਪਮੈਂਟ ਬੋਰਡ ਦੇ ਚੇਅਰਮੈਨ ਵਜੋਂ ਇਸ ਦੀ 39ਵੀਂ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਇਸ ਸਬੰਧ ਵਿੱਚ ਆਮ ਲੋਕਾਂ ਦੇ ਇਤਰਾਜ਼ ਅਤੇ ਸੁਝਾਅ ਮੰਗਣ ਲਈ ਜਨਤਕ ਨੋਟਿਸ ਜਾਰੀ ਕਰਨ ਦੀ ਵੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਨਾਲ ਬੰਨ ਮਾਜਰਾ, ਮੁਗਲ ਮਾਜਰੀ, ਭਾਗੋ ਮਾਜਰਾ, ਚਟੋਲੀ, ਮਥਰਾੜੀ, ਅਧਰੇੜਾ ਅਤੇ ਚਰਹੇੜੀ ਪਿੰਡਾਂ ’ਤੇ ਅਧਾਰਿਤ ਉਦਯੋਗਿਕ ਜ਼ੋਨ ਦੇ ਵਿਕਾਸ ਲਈ ਰਾਹ ਪੱਧਰਾ ਹੋਵ-ੇਗਾ।

ਇਸ ਤੋਂ ਪਹਿਲਾਂ ਰੂਪਨਗਰ ਨੇੜੇ ਪ੍ਰਸਤਾਵਿਤ ਸਨਅਤੀ ਜ਼ੋਨ ਬਾਰੇ ਪੇਸ਼ਕਾਰੀ ਦਿੰਦਿਆਂ ਟਾਊਨ ਤੇ ਕੰਟਰੀ ਪਲਾਨਿੰਗ ਦੇ ਡਾਇਰੈਕਟਰ ਕਵਿਤਾ ਮੋਹਨ ਸਿੰਘ ਨੇ ਬੋਰਡ ਦੇ ਮੈਂਬਰਾਂ ਨੂੰ ਜਾਣੂੰ ਕਰਵਾਇਆ ਕਿ ਇਸ ਖੇਤਰ ਵਿੱਚ ਕਈ ਉਦਯੋਗਿਕ ਯੂਨਿਟ ਪਹਿਲਾਂ ਹੀ ਮੌਜੂਦ ਹਨ ਅਤੇ ਆਪਣੇ ਯੂਨਿਟਾਂ ਦਾ ਵਿਸਥਾਰ ਕਰਨ ਲਈ ਕੁਝ ਮਸਲਿਆਂ ਦਾ ਸਾਹਮਣਾ ਕਰ ਰਹੇ ਹਨ।

ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਮੀਟਿੰਗ ਵਿੱਚ ਬਨੂੜ ਮਾਸਟਰ ਪਲਾਨ ਵਿੱਚ ਉਦਯੋਗਿਕ ਜ਼ੋਨ ਨੂੰ ਪ੍ਰਵਾਨਗੀ ਦੇਣ ਵੀ ਫੈਸਲਾ ਲਿਆ ਗਿਆ ਜਿਸ ਨਾਲ ਅੰਤਰਰਾਸ਼ਟਰੀ ਹਵਾਈ ਅੱਡਾ, ਮੋਹਾਲੀ ਦੇ ਨੇੜੇ ਹੋਣ ਕਰਕੇ ਇਸ ਖੇਤਰ ਵਿੱਚ ਉਦਯੋਗ ਦਾ ਸਰਬਪੱਖੀ ਵਿਕਾਸ ਹੋ ਸਕੇਗਾ।

ਇਕ ਹੋਰ ਫੈਸਲੇ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਰਿਹਾਇਸ਼ੀ ਜ਼ੋਨ ਵਿਕਸਤ ਕਰਨ ਲਈ ਕਪੂਰਥਲਾ ਮਾਸਟਰ ਪਲਾਨ ਵਿੱਚ ਸੋਧ ਕਰਨ ਲਈ ਹਰੀ ਝੰਡੀ ਦੇ ਦਿੱਤੀ ਜੋ ਰੇਲ ਕੋਚ ਫੈਕਟਰੀ ਦੇ ਸਾਹਮਣੇ ਮੌਜੂਦ ਸਾਰੀਆਂ ਮੌਜੂਦਾ ਰਿਹਾਇਸ਼ੀ ਕਲੋਨੀਆਂ ਦੀ ਵੀ ਵਿਵਸਥਾ ਕਰੇਗਾ।

ਇਸੇ ਦੌਰਾਨ ਮੁੱਖ ਮੰਤਰੀ ਨੇ ਹਾਊਸਿੰਗ ਦੇ ਪ੍ਰਮੁੱਖ ਸਕੱਤਰ, ਸਥਾਨਕ ਸਰਕਾਰਾਂ ਦੇ ਪ੍ਰਮੁੱਖ ਸਕੱਤਰ, ਨਿਵੇਸ਼ ਪੰਜਾਬ ਦੇ ਸੀ.ਈ.ਓ.ਅਤੇ ਟਾਊਨ ਐਂਡ ਕੰਟਰੀ ਪਲਾਨਿੰਗ ਦੇ ਡਾਇਰੈਕਟਰ ’ਤੇ ਅਧਾਰਿਤ ਕਮੇਟੀ ਦਾ ਗਠਨ ਕੀਤਾ ਹੈ ਜੋ ਮਹਾਰਾਸ਼ਟਰ ਅਤੇ ਕਰਨਾਟਕਾ ਦੇ ਮੌਜੂਦਾ ਮਾਡਲਾਂ ਦੀ ਘੋਖ ਕਰਨ ਤੋਂ ਬਾਅਦ ਘਣਤਾ ਅਤੇ ਐਫ.ਏ.ਆਰ. (ਫਲੋਰ ਏਰੀਆ ਰੇਸ਼ੀਓ) ਨਾਲ ਸਬੰਧਤ ਮਸਲਿਆਂ ਨੂੰ ਵਿਚਾਰੇਗੀ ਤਾਂ ਕਿ ਰੀਅਲ ਅਸਟੇਟ ਸੈਕਟਰ ਵਿੱਚ ਵਿਆਪਕ ਵਿਕਾਸ ਨੂੰ ਯਕੀਨੀ ਬਣਾਇਆ ਜਾ ਸਕੇ। ਇਹ ਕਮੇਟੀ ਮੌਜੂਦਾ ਉਦਯੋਗਿਕ ਯੂਨਿਟਾਂ ਦੇ ਵਿਸਥਾਰ ਨਾਲ ਸਬੰਧਤ ਮੁੱਦਿਆਂ ਨੂੰ ਵੀ ਘੋਖੇਗੀ ਅਤੇ ਹਾਲ ਹੀ ਵਿੱਚ ਹੋਏ ਪੰਜਾਬ ਨਿਵੇਸ਼ ਸੰਮੇਲਨ-2019 ਦੌਰਾਨ ਵੱਖ-ਵੱਖ ਉਦਯੋਗਪਤੀਆਂ ਵੱਲੋਂ ਕੀਤੀ ਮੰਗ ਦੇ ਮੱਦੇਨਜ਼ਰ ਸਨਅਤਾਂ ਨੂੰ ਸਸਤੀ ਜ਼ਮੀਨ ਮੁਹੱਈਆ ਕਰਵਾਉਣ ਦੀਆਂ ਸੰਭਾਵਨਾਵਾਂ ਵੀ ਤਲਾਸ਼ੇਗੀ।


ਮੀਟਿੰਗ ਵਿੱਚ ਸਥਾਨਕ ਸਰਕਾਰਾਂ ਬਾਰੇ ਮੰਤਰੀ ਬ੍ਰਹਮ ਮਹਿੰਦਰਾ, ਮਕਾਨ ਤੇ ਸ਼ਹਿਰੀ ਵਿਕਾਸ ਮੰਤਰੀ ਸੁਖਬਿੰਦਰ ਸਿੰਘ ਸਰਕਾਰੀਆ, ਲੋਕ ਨਿਰਮਾਣ ਮੰਤਰੀ ਵਿਜੇ ਇੰਦਰ ਸਿੰਗਲਾ, ਮੁੱਖ ਸਕੱਤਰ ਕਰਨ ਅਵਤਾਰ ਸਿੰਘ, ਵਿੱਤ ਕਮਿਸ਼ਨਰ ਮਾਲ ਕੇ.ਬੀ.ਐਸ. ਸਿੱਧੂ, ਪ੍ਰਮੁੱਖ ਸਕੱਤਰ ਸਥਾਨਕ ਸਰਕਾਰਾਂ ਏ.ਵੇਨੂੰ ਪ੍ਰਸਾਦ, ਪ੍ਰਮੁੱਖ ਸਕੱਤਰ ਮਕਾਨ ਤੇ ਸ਼ਹਿਰੀ ਵਿਕਾਸ ਸਰਵਜੀਤ ਸਿੰਘ, ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਤੇਜਵੀਰ ਸਿੰਘ, ਵਿੱਤ ਕਮਿਸ਼ਨਰ ਪੇਂਡੂ ਵਿਕਾਸ ਤੇ ਪੰਚਾਇਤਾਂ ਸੀਮਾ ਜੈਨ ਤੋਂ ਇਲਾਵਾ ਪਟਿਆਲਾ ਵਿਕਾਸ ਅਥਾਰਟੀ ਦੇ ਮੁੱਖ ਪ੍ਰਸ਼ਾਸਕ ਸੁਰਭੀ ਮਲਿਕ, ਗਲਾਡਾ ਦੇ ਮੁੱਖ ਪ੍ਰਸ਼ਾਸਕ ਪੀ.ਐਸ. ਗਿੱਲ ਅਤੇ ਜਲੰਧਰ ਵਿਕਾਸ ਅਥਾਰਟੀ ਦੇ ਮੁੱਖ ਪ੍ਰਸ਼ਾਸਕ ਬਖਤਾਵਰ ਸਿੰਘ ਵੀ ਹਾਜ਼ਰ ਸਨ।


ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?



Anabela Serra
Sales Representative
ਸੰਪਰਕ ਕਰੋ:
416-400-5825
ROYAL LEPAGE
SUPREME REALTY, BROKERAGE
INDEPENDENTLY OWNED AND OPERATED

You're Invited To..
OPEN HOUSE
Saturday/Sunday 2pm to 4pm
“ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ”
1 Lagos Road | Etobicoke, Ontario



This Astounding Fully Renovated 3 Bedroom Home Features Top Quality Materials With Tasteful Finishes, Great Workmanship And Attention To Detail. Gleaming Hardwood Flooring Throughout, And 3 Sparkling New Bathrooms. Brand New Stainless Steel Appliances In Chefs Delight Kitchen. Separate Entrance To Basement, Possibility Of A Bachelor Apartment. Steps Away From Elementary School, Parks, Kipling Plaza And Public Library.

For More listings Visit anabelaserra.com

FRANCHISES REQUIRED for Greece, Italy, Austria, Germany, Spain

PERMANENT IMMIGRATION
Canada within 6-12 Months

We have confirmed job offers from Canadian Employers for:
- Cooks
- Truck Drivers
- Auto/Diesel Mechanics
- Dairy Farm Workers
- Welders
- IT Technician
- Nurses
- Machinist
- Carpenters
- Brick Layer
- Food & Beverage Supervisors
- Meat Cutters
- Air Condition Technicians
- Fish Plant Workers
- Construction Workers
- & lots of other Positions

Invest $200,000 (CAD) & Immigrate with family under Business Immigration

Subhash Punia
Immigration Counsel

Fast Track Immigration Under INVESTORS CLASS IMMIGRATION

Atlantic Immigration

By Appointment
MON-FRI
9:30AM - 5:30PM

2980 Drew rd. #230, Mississauga, ON L4T 0A7 | 905.362.0202 | 905.362.2158

ASIAN FOOD CENTRE



FRESH & LARGE VARIETY

| | | |
|---|---|---|
| Bread , Derry & Eggs | Fruits & Vegetables | Sweet & Samosas |
| Branded Foods | Beverages & Confectionery | Grocery & Staples |

VEGETARIAN FOOD
HEALTHY EATING

SERVING FROM 10 LOCATIONS IN ALL THE GTA AREA:

10 Westmore Drive
Etobicoke ON M9V-3Z7
416-740-3262

2120 North park Drive
Brampton ON L6S 0C9
905-793-1338

10510 Torbram Road,
Brampton
905-790-0030

308 Eddystone Ave
North York ON M3N-1H7
416-740-3360

621 Wanless drive, # 122
Brampton ON L7A 0A9
905-495-3336

284 Orenda Road #13
Brampton ON L6T 5S3
905-450-9167


10 Pannahill Dr,
Brampton
905 913-8017

80 Pertosa Drive
Brampton ON L5X-5E9
905-460-0009

1075 Ceremonial Drive
Mississauga ON L5R 2Z4
905-502-1600

21 Lacoste Blvd,
Brampton, ON L6P 2K2
905 794-8109

# Dr. Randhawa Dentistry



*Your own dentist who really cares for you*

**We Provide the following Services:**

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**Dr. Samreet Kaur Randhawa**
General Family Dentist


New Patients welcome
Deal Directly with all Insurance Companies

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
*Show Your Smile More With Invisible Braces!*



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044




# NEED A LAWYER ??

# KAUR LAW OFFICE

Red Seal NOTARY



**MANJEET KAUR**
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

ਐਡਵਾਂਸ ਬ੍ਰੈਂਪਟਨ ਫੰਡ

# ਹੁਣ ਸ਼ੁਰੂ ਹੋ ਗਿਆ ਹੈ

ਫੰਡਿੰਗ ਮੌਕੇ ਗੈਰ-ਲਾਭ ਵਾਲੇ ਸੰਗਠਨਾਂ ਅਤੇ ਭਾਈਚਾਰੇ ਸਬੰਧੀ ਪ੍ਰੋਜੈਕਟਾਂ ਲਈ ਉਪਲਬਧ ਹਨ।

ਸਾਡੇ ਸੂਚਨਾ ਸੈਸ਼ਨਾਂ ਵਿੱਚੋਂ ਕਿਸੇ ਇੱਕ ਵਿੱਚ ਇਸ ਬਾਰੇ ਹੋਰ ਜਾਣੋ, ਜਾਂ ਰਾਇਰਸਨ ਯੂਨੀਵਰਸਿਟੀ (Ryerson University) ਵਿਖੇ ਜੀ. ਰੇਮੰਡ ਚੈਂਗ ਸਕੂਲ ਆਫ ਕੰਟੀਨਿਊਇੰਗ ਐਜੂਕੇਸ਼ਨ (G. Raymond Chang School of Continuing Education) ਵੱਲੋਂ ਆਯੋਜਿਤ ਗ੍ਰਾਂਟ-ਰਾਈਟਿੰਗ ਵਰਕਸ਼ਾਪ ਲਈ ਰਜਿਸਟਰ ਕਰੋ।

ਅਰਜ਼ੀ ਦੇਣ ਲਈ ਆਖ਼ਰੀ ਤਾਰੀਖ: 5 ਜਨਵਰੀ, 2020

ਹੁਣੇ **brampton.ca/abf** ਤੇ ਅਰਜ਼ੀ ਦਿਓ

ABF ADVANCE BRAMPTON FUND | Ryerson University The Chang School of Continuing Education | BRAMPTON

# ਸ਼ਹੀਦੀ ਸਮਾਗਮ

## ਸਾਹਿਬਜ਼ਾਦਾ ਜੁਝਾਰ ਸਿੰਘ, ਸਾਹਿਬਜ਼ਾਦਾ ਅਜੀਤ ਸਿੰਘ, ਸਾਹਿਬਜ਼ਾਦਾ ਜੋਰਾਵਰ ਸਿੰਘ, ਸਾਹਿਬਜ਼ਾਦਾ ਫਤਿਹ ਸਿੰਘ ਅਤੇ ਮਾਤਾ ਜੀ ਦੀ ਯਾਦ ਵਿਚ

BHAI ANANTVIR SINGH JI (LA)
DEC 19-25 | 6.30–8.30 pm

ਦਸੰਬਰ 19 ਨੂੰ ਸਹਿਜ ਪਾਠ ਪ੍ਰਕਾਸ਼ ਅਰੰਭ ਹੋਵੇ ਗਾ ਅਤੇ ਦਸੰਬਰ 25 ਨੂੰ ਭੋਗ ਪੈਣਗੇ। ਰੋਜ਼ ਸ਼ਾਮ 6.30-8.30 ਨੂੰ ਭਾਈ ਅਨੰਤਵੀਰ ਸਿੰਘ ਜੀ ਕਰਿਤਨ-ਕਥਾ ਨਾਲ ਦਰਬਾਰ ਸਜਾਉਣਗੇ।



**SIKH SPIRITUAL CENTRE TORONTO**
9 Carrier Dr, Etobicoke, ON M9V 4B2
Phone: (416) 746-6666

www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232

Advertisement GUARANTEED Till SOLD
Other Realtors only Promise
But JAG AUJLA SOLD YOUR HOME WITH
GUARANTEE
OR HE'LL BUY IT!

Call For a Quick & Free Home Evaluation
www.BramptonQuickHomeEvaluation.com
Top 1% Ranked In Broker

Urgently Need New Listing in Brampton/ GTA Call Jag Today To Sell Your Property For Top $$$ & Accurate Price

CALEDON
ਸੇਂਟ ਐਂਡਰੀਊ/Hwy 9/ਬੀਚਗਰੂਵ
2.58 ਏਕੜ ਤੇ ਬਣਿਆ ਬਹੁਤ ਹੀ ਸੋਹਣਾ 4 +2 ਬੈਡਰੂਮ ਅਤੇ 4 ਵਾਸ਼ਰੂਮ ਦਾ ਘਰ, 3 ਕਾਰ ਗਰਾਜ ਤੇ 11 ਕਾਰ ਪਾਰਕਿੰਗ, ਬਹੁਤ ਸਾਰੀਆਂ ਅਪਗ੍ਰੇਡਜ਼, ਬਹੁਤ ਹੀ ਸੋਹਣੀ ਲੈਂਡਸਕੇਪਿੰਗ ਦੇ ਨਾਲ "L" ਅਕਾਰ ਦੀ ਗਰਾਊਂਡ ਹੀਟੇਡ ਪੂਲ ਹੈ। ਫਿਨੀਸ਼ਡ ਬੇਸਮੈਂਟ। ਅਪਗ੍ਰੇਡਡ ਕਿਚਨ,ਗਰੇਨਾਈਟ ਕਾਊਨਟਰ ਟਾਪ ਆਦਿ

BRAMPTON
ਚਿੰਗਕੂਜ਼ੀ/ਡੁਫੀਲਡ/ਇਡਨਬ
ਚਿੰਗਕੂਜ਼ੀ ਦੇ ਏਰੀਏ ਵਿੱਚ 4+1 ਬੈਡਰੂਮ ਡੈਨ, 4 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ ਨੂੰ ਫਿਨੀਸ਼ਡ ਬੈਸਮੈਂਟ ਜਿਸ ਨੂੰ ਕਿ ਸੇਪਰੇਟ ਏਂਟਰੈਂਸ। ਹਾਰਡਵੂਡ ਫਲੋਰ, ਇਟ ਇਨ ਕਿਚਨ, ਸਟੇਨਲੈਸ ਸਟੀਲ ਅਪਲਾਈਨਸੈਸ, ਗਰੇਨਾਇਟ ਕਾਊਂਟਰ ਟਾਪ, ਮਾਸਟਰ ਬੈਡਰੂਮ ਨੂੰ 4 ਪੀਸ ਇੰਨ-ਸੂਟ, ਆਦਿ

WOODBRIDGE
ਟੇਸਟਨ ਰੋਡ/ ਹਾਈਵੇ 400/ਵੇਸਟਨ
ਬਹੁਤ ਹੀ ਸੋਹਣਾ 4 ਬੈਡਰੂਮ +4 ਵਾਸ਼ਰੂਮ ਦਾ ਡੀਟੈਚਡ ਘਰ, ਮੇਨ ਫਲੋਰ 9 ਫੀਟ ਸਿਲਿੰਗ, ਡਬਲ ਡੋਰ ਏਨਟਰੀ, ਦੂਜੇ ਫਲੋਰ ਤੇ ਨਵੀਂ ਲੈਮੀਨੇਟ ਫਲੋਰ ਅਤੇ ਮੇਨ ਫਲੋਰ ਤੇ ਹਾਰਡਵੂਡ। ਓਕ ਸਟੇਅਰਕੇਸ। ਸੋਹਣੀ ਈਟ ਈਨ ਕਿਚਨ ਅਤੇ ਸਟੇਨਲੈਸ ਸਟੀਲ ਅਪਲਾਈਨਸੈਸ, ਮਾਸਟਰ ਬੈਡਰੂਮ 5 ਪੀਸ ਈਨਸੂਟ।

BRAMPTON
ਵੇਨਲੈਸ / ਵੇਨ-ਕ੍ਰਿਕ
SOLD AT 98% OF ASKING PRICE

NEED MORE LISTINGS !!!
ਕੇਲਡਨ ਅਤੇ ਬਰੈਂਪਟਨ ਦੇ ਏਰੀਏ ਵਿੱਚ ਨਵੀਆਂ Listings ਦੀ ਤੁਰੰਤ ਲੋੜ ਹੈ। Buyers ਘਰ ਖਰੀਦਣ ਲਈ Listings ਉਡੀਕ ਰਹੇ ਹਨ

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂੰਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, ETIHAD, KLM, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption
Manulife

Signature.ca
ticoca IATA
Call Us For Guaranteed Lowest Airfare ANY Airline Time Destination Around the World
WestJet vacations, transat, sunwing, Air Canada Vacations
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

You can
Place Your Business Here
To Reach Wider Audience
For more info Call 905-793-2202 or e-mail ads@punjabipost.ca

IFS INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario
ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work & US
- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ
Please send resume at:
safety@interstatefreightsystems.com
Call: 416-452-0677

New City Pizza & Kamal Sandhu Real Estate Present
BHANGRA ਭੰਗੜਾ FITNESS
ENJOY DANCING, STAY FIT
647.685.1685
www.BhangraFitness.ca | bhangrafitness1@gmail.com
Offering Bhangra Classes For All Ages
Now Open 6 Days a Week
50 Lacoste Blvd, Unit-112 Brampton, ON L6P 3Z8

REXDALE BODY SHOP
USED CAR SALE
Specialization In:
- All Kinds of Body Work
- Auto Glass Windshield
- Denting, Painting & Welding
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com